# ਅਧਿਆਇ 2

# ਜੋ ਜੋ ਦੇਸ਼ ਵਿਚ ਵਾਪਸ ਆਏ

ਅਜ਼ਰਾ 2 ਵਿਚ ਨਾਵਾਂ ਦੀ ਇਕ ਲੰਮੀ ਲਿਸਟ ਹੈ, ਅਜਿਹੀ ਲਿਸਟ ਜਿਹੜੀ ਪੜ੍ਹਨੀ ਔਖੀ ਲਗ ਸਕਦੀ ਹੈ ਅਤੇ ਸ਼ਾਇਦ ਦਿਲਕਸ਼ ਵੀ ਨਹੀਂ ਲਗਦੀ। ਫਿਰ ਵੀ ਇਹ ਨਾਂਅ ਉਨ੍ਹਾਂ ਲੋਕਾਂ ਨੂੰ ਦਰਸਾਉਂਦੇ ਹਨ ਜਿਹੜੇ ਯਹੋਵਾਹ ਨਾਲ ਐਨਾ ਪਿਆਰ ਕਰਦੇ ਸਨ ਕਿ ਉਨ੍ਹਾਂ ਨੇ ਬਾਬਲ ਵਿਚ ਆਪਣੇ ਘਰਾਂ ਨੂੰ ਛੱਡ ਦਿੱਤਾ ਅਤੇ ਯਹੂਦਾ ਵਿਚ ਜਾ ਕੇ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਤੋਂ ਉੱਥੇ ਵਸਾਉਣ ਲਈ ਮੁਸ਼ਕਿਲ ਸਫ਼ਰ ਅਰੰਭ ਕਰ ਦਿੱਤਾ। ਉਹ ਸਾਡੇ ਸਨਮਾਨ ਦੇ ਹੱਕਦਾਰ ਹਨ।

ਅਧਿਆਇ ਪਹਿਲਾ ਇਸ ਮੁਹਿੰਮ ਦੇ ਆਗੂਆਂ ਦੀ ਪਛਾਣ ਕਰਾਉਂਦਾ ਹੈ ਅਤੇ ਫਿਰ ਪਰਿਵਾਰਾਂ ਦੇ ਮੁਖੀਆਂ ਦੇ ਨਾਂਅ ਅਤੇ ਹਰ ਪਰਿਵਾਰ ਵਿਚ ਜੀਆਂ ਦੀ ਗਿਣਤੀ ਦੱਸਦਾ ਹੈ। ਅਧਿਆਇ ਵਿਚ ਆਮ ਲੋਕ (ਜਿਹੜੇ ਯਾਜਕ ਨਹੀਂ ਸਨ) ਪਹਿਲਾਂ ਆਉਂਦੇ ਹਨ, ਉਨ੍ਹਾਂ ਤੋਂ ਬਾਅਦ ਯਾਜਕ, ਲੇਵੀ, ਅਤੇ ਹੈਕਲ ਦੇ ਸੇਵਾਦਾਰ ਅਤੇ ਉਸ ਤੋਂ ਬਾਅਦ ਉਹ ਜਿਨ੍ਹਾਂ ਦੇ ਨਾਂਅ ਯਹੂਦੀ ਪੁਰਾਲੇਖਾਂ ਵਿਚ ਮੇਲ ਖਾਂਦੇ ਦਸਤਾਵੇਜ਼ਾਂ ਵਿਚ ਮੇਲ ਨਹੀਂ ਖਾਂਦੇ। ਅਧਿਆਇ ਦੀ ਸਮਾਪਤੀ ਪਹੁੰਚਣ ਵਾਲੇ ਲੋਕਾਂ ਦੀ ਕੁੱਲ ਗਿਣਤੀ ਅਤੇ ਹੈਕਲ ਨੂੰ ਫੇਰ ਤੋਂ ਬਣਾਉਣ ਲਈ ਉਨ੍ਹਾਂ ਵੱਲੋਂ ਦਿੱਤੇ ਗਏ ਦਾਨ ਬਾਰੇ ਦੱਸਣ ਨਾਲ ਹੁੰਦੀ ਹੈ।

### ਆਗੂ (2:1, 2)

**1ਏਹ ਉਸ ਸੂਬੇ ਦੇ ਲੋਕ ਹਨ ਜਿਹੜੇ ਉਨ੍ਹਾਂ ਬੰਧੂਆਂ ਦੀ ਅਸੀਰੀ ਤੋਂ ਜਿਨ੍ਹਾਂ ਨੂੰ ਨਬੂਕਦਨੱਸਰ ਬਾਬਲ ਦਾ ਪਾਤਸ਼ਾਹ ਬਾਬਲ ਵਿੱਚ ਲੈ ਗਿਆ ਸੀ ਯਹੂਦਾਹ ਅਰ ਯਰੂਸ਼ਲਮ ਨੂੰ ਹਰ ਇੱਕ ਆਪਣੇ ਸ਼ਹਿਰ ਨੂੰ ਮੁੜ ਆਏ 2ਜਿਹੜੇ ਜ਼ਰੁੱਬਾਬਲ ਨਾਲ ਆਏ ਏਹ ਸਨ - ਯੇਸ਼ੂਆ, ਨਹਮਯਾਹ, ਸਰਾਯਾਹ, ਰਏਲਾਯਾਹ, ਮਾਰਦਕਈ, ਬਿਲਸ਼ਾਨ, ਮਿਸਪਾਰ, ਬਿਗਵਈ, ਰਹੂਮ, ਬਅਨਾਹ। ਇਸਰਾਏਲੀ ਪਰਜਾ ਦੇ ਮਨੁੱਖਾਂ ਦੀ ਗਿਣਤੀ।**

ਲਿਸਟ ਬਿਲਕੁਲ ਸਹੀ ਢੰਗ ਨਾਲ ਉਨ੍ਹਾਂ ਦੇ ਨਾਂਵਾਂ ਤੋਂ ਸ਼ੁਰੂ ਹੁੰਦੀ ਹੈ ਜਿਹੜੇ ਮੁਹਿੰਮ ਵਿਚ ਅੱਗੇ ਲੱਗੇ ਸਨ।

**ਆਇਤ 1.** ਵਾਪਸੀ ਦੇ ਵੇਰਵੇ ਦੇ ਸ਼ੁਰੂ ਵਿਚ ਵਿਸ਼ੇ ਦਾ ਇਕ ਵਾਕ ਹੈ। ਲੇਖਕ ਨੇ **ਅਸੀਰੀ** ਤੋਂ ਵਾਪਸ ਆਉਣ ਵਾਲਿਆਂ ਦੀ ਲਿਸਟ ਦੇਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਅਤੇ ਦੱਸਿਆ ਕਿ ਅਸੀਰੀ ਵਿਚ ਰਹਿਣ ਦੌਰਾਨ ਉਹ ਕਿਉਂ ਅਤੇ ਕਿੱਥੇ ਸਨ। ਉਹ **ਬਾਬਲ** ਵਿਚ ਸਨ ਕਿਉਂ ਜੋ **ਨਬੂਕਦਨੱਸਰ** ਉਨ੍ਹਾਂ ਨੂੰ ਉੱਥੇ ਲੈ ਗਿਆ ਸੀ। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਮੰਜ਼ਿਲ **ਯਹੂਦਾਹ ਅਰ ਯਰੂਸ਼ਲਮ** ਬਾਰੇ ਵੀ ਦੱਸਿਆ। ਜਿਸ ਸੂਬੇ ਦੀ ਗੱਲ ਕੀਤੀ ਗਈ ਹੈ ਉਹ ਅਸਲ ਵਿਚ ਯਹੂਦਾਹ ਦਾ ਸੂਬਾ ਸੀ ਜਿਸ ਨੂੰ ਫ਼ਾਰਸੀ ਲੋਕ ''ਯਹੂਦ'' ਕਰਕੇ ਜਾਣਦੇ ਸਨ।[1] ਇਹ ਵੱਡੇ ਸੂਬੇ ਵਿੱਚੋਂ ਕੱਢਿਆ ਗਿਆ ਇਕ ਛੋਟਾ ਜਿਹਾ ਇਲਾਕਾ ਸੀ ਜਿਸ ਨੂੰ ''ਦਰਿਆਉਂ ਪਾਰ [ਦਾ ਇਲਾਕਾ]'' (4:10; 5:3) ਜਾਂ ''ਫਰਾਤ ਦੇ ਪਾਰ'' (NIV) ਵਜੋਂ ਜਾਣਿਆ ਜਾਂਦਾ ਸੀ।

**ਮੁੜ ਆਏ** ਲੋਕਾਂ ਵਿੱਚੋਂ **ਹਰ ਇਕ ਆਪਣੇ ਸ਼ਹਿਰ ਨੂੰ** ਚਲਿਆ ਗਿਆ, ਤੋਂ ਇਹ ਪਤਾ ਲਗਦਾ

ਹੈ ਕਿ ਜਿੱਥੋਂ ਤਕ ਹੋ ਸਕਿਆ ਯਹੂਦੀਆਂ ਨੂੰ ਉਨ੍ਹਾਂ ਥਾਂਵਾਂ ਤੇ ਵਸਾਇਆ ਗਿਆ ਜਿਹੜੇ ਬਾਬਲ ਵੱਲੋਂ ਯਹੂਦਾ ਨੂੰ ਬਰਬਾਦ ਕੀਤੇ ਜਾਣ ਤੋਂ ਪਹਿਲਾਂ ਉਨ੍ਹਾਂ ਦੇ ਪਰਿਵਾਰਾਂ ਕੋਲ ਹੁੰਦੇ ਸਨ। ਜੇ ਯਹੂਦੀਆਂ ਨੂੰ ਮੋੜੇ ਗਏ ਇਲਾਕੇ ਵਿਚ ਉਹ ਜ਼ਮੀਨ ਸ਼ਾਮਿਲ ਸੀ ਜਿਸ ਉੱਤੇ ਪਿਛਲੇ ਸੱਤਰ ਸਾਲਾਂ ਤੋਂ ਆਲੇ ਦੁਆਲੇ ਦੇ ਹਾਕਮ ਕਾਬਜ਼ ਸਨ ਤਾਂ ਇਸ ਤੋਂ ਉਸ ਨਫ਼ਰਤ ਦੀ ਸਮਝ ਆ ਸਕਦੀ ਹੈ ਜਿਹੜੀ ਬਾਅਦ ਵਿਚ ਅਜ਼ਰਾ ਅਤੇ ਨਹਮਯਾਹ ਵਿਚ ਨਜ਼ਰ ਆਉਂਦੀ ਹੈ।[2]

**ਆਇਤ 2.** ਆਇਤ 2 ਵਿਚ ਸ਼ੁਰੂ ਹੋਣ ਦੀ ਲਿਸਟ ਨਹਮਯਾਹ 7:6–73 ਵਿਚਲੇ ਨਾਵਾਂ ਵਿਚ ਥੋੜ੍ਹੇ ਥੋੜ੍ਹੇ ਫ਼ਰਕ ਨਾਲ ਲਗਭਗ ਓਸੇ ਦੀ ਨਕਲ ਹੈ।[3] ਇਹ ਫ਼ਰਕ ਨਕਲ ਕਰਨ ਵਾਲਿਆਂ ਦੀਆਂ ਗਲਤੀਆਂ ਕਰਕੇ ਹੋ ਸਕਦੇ ਹਨ।[4] ਲਿਸਟ ਦੀ ਸ਼ੁਰੂਆਤ ਉਨ੍ਹਾਂ ਦੇ ਨਾਵਾਂ ਨਾਲ ਹੁੰਦੀ ਹੈ ਜਿਹੜੇ ਸਫ਼ਰ ਵਿਚ ਯਹੂਦੀਆਂ ਦੇ ਅੱਗੇ ਅੱਗੇ ਸਨ। ਯਹੂਦੀਆਂ ਦੇ ਆਗੂ ਵਜੋਂ **ਜ਼ਰੁੱਬਾਬਲ** ਦੀ ਅਹਿਮੀਅਤ ਇਸ ਤੱਥ ਤੋਂ ਸਪੱਸ਼ਟ ਹੈ ਕਿ ਉਸ ਦਾ ਨਾਂਅ ਸਭ ਤੋਂ ਉੱਪਰ ਦਿੱਤਾ ਗਿਆ। ਅਧਿਆਇ 1 ਵਿਚ ਭਾਵੇਂ ਸ਼ੇਸ਼ਬੱਸਰ ਨੂੰ ਯਹੂਦੀਆਂ ਦਾ ਆਗੂ ਦੱਸਿਆ ਗਿਆ ਹੈ ਜਿਸ ਨੂੰ ਕੋਰਸ ਤੋਂ ਹੈਕਲ ਦਾ ਖ਼ਜ਼ਾਨਾ ਮਿਲਿਆ ਸੀ ਅਤੇ ਉਹ ਯਰੂਸ਼ਲਮ ਵਿਚ ਲੋਕਾਂ ਦੇ ਨਾਲ ਗਿਆ ਸੀ, ਪਰ ਅਧਿਆਇ 2 ਵਿਚ ਉਸ ਦਾ ਜ਼ਿਕਰ ਨਹੀਂ ਹੈ (1:8 ਤੇ ਟਿੱਪਣੀਆਂ ਵੇਖੋ)। ਅਗਲਾ ਨਾਂਅ **ਯੇਸ਼ੂਆ** ਦਾ ਹੈ, ਕਿਉਂ ਜੋ ਉਹ ਯਹੂਦੀ ਪ੍ਰਧਾਨ ਯਾਜਕ ਸੀ (3:2; ਹੱਜਈ 1:1; ਜ਼ਕਰਯਾਹ 3:1)। ਹੱਜਈ ਅਤੇ ਜ਼ਕਰਯਾਹ ਵਿਚ ਉਸ ਦਾ ਨਾਂਅ ''ਯਹੋਸ਼ੁਆ'' ਦਿੱਤਾ ਗਿਆ ਹੈ।

ਲਿਸਟ ਵਿਚਲੇ ਹੋਰ ਨਾਂਅ ਪੁਰਾਣੇ ਨੇਮ ਵਿਚ ਹੋਰ ਕਈ ਜਗ੍ਹਾ ਮਿਲਦੇ ਹਨ, ਭਾਵੇਂ ਉਹ ਵੱਖੋ ਵੱਖ ਲੋਕਾਂ ਦੇ ਹਨ (ਅੱਜ ਕੱਲ੍ਹ ਵਾਂਗ ਹੀ ਕਈ ਲੋਕਾਂ ਦੇ ਨਾਂਅ ਓਸੇ ਮਸ਼ਹੂਰ ਨਾਂਅ ਨਾਲ ਰੱਖੇ ਜਾ ਸਕਦੇ ਹਨ)। ਜਿਸ **ਨਹਮਯਾਹ** ਦਾ ਇੱਥੇ ਜ਼ਿਕਰ ਹੈ ਉਹ ਨਹਮਯਾਹ ਦੀ ਕਿਤਾਬ ਵਾਲਾ ਨਹਮਯਾਹ ਨਹੀਂ ਹੈ, ਨਾ ਹੀ **ਮਾਰਦਕਈ** ਉਹੀ ਮਾਰਦਕਈ ਹੈ ਜਿਹੜਾ ਅਸਤਰ ਦੀ ਕਿਤਾਬ ਵਿਚ ਮਿਲਦਾ ਹੈ। ਇੱਥੇ ਗਿਆਰਾਂ ਨਾਂਅ ਮਿਲਦੇ ਹਨ ਪਰ ਨਹਮਯਾਹ 7 ਵਿਚ ਇਸ ਦੇ ਨਾਲ ਮੇਲ ਖਾਂਦੀ ਲਿਸਟ ਵਿਚ ਬਾਰਾਂ ਨਾਂਅ ਹਨ। ਸ਼ਾਇਦ ਯਹੂਦੀ ਲੋਕ ਬਾਰਾਂ ਆਗੂਆਂ ਦੀ ਨਿਯੁਕਤੀ ਕਰਕੇ ਬਾਰ੍ਹਾਂ ਗੋਤਰਾਂ ਦੀ ਰੀਤ ਨੂੰ ਕਾਇਮ ਰੱਖਣਾ ਚਾਹੁੰਦੇ ਸਨ; ਜੇ ਇਹ ਗੱਲ ਹੈ ਤਾਂ ਅਜ਼ਰਾ ਦੀ ਕਿਤਾਬ ਦੀ ਨਕਲ ਕਰਨ ਵਾਲੇ ਵੱਲੋਂ ਇਕ ਨਾਂਅ ਗਲਤੀ ਨਾਲ ਛੁੱਟ ਗਿਆ ਹੋਵੇਗਾ।

## **''ਆਮ ਲੋਕ''** (2:2-35)

**2ਜਿਹੜੇ ਜ਼ਰੁੱਬਾਬਲ ਨਾਲ ਆਏ ਏਹ ਸਨ-ਯੇਸ਼ੂਆ, ਨਹਮਯਾਹ, ਸਰਾਯਾਹ, ਰਏਲਾਯਾਹ, ਮਾਰਦਕਈ, ਬਿਲਸ਼ਾਨ, ਮਿਸਪਾਰ, ਬਿਗਵਈ, ਰਹੂਮ, ਬਅਨਾਹ ਇਸਰਾਏਲੀ ਪਰਜਾ ਦੇ ਮਨੁੱਖਾਂ ਦੀ ਗਿਣਤੀ 3ਫਰੋਸ਼ ਦੀ ਸੰਤਾਨ, ਦੋ ਹਜ਼ਾਰ ਇੱਕ ਸੌ ਬਹੱਤਰ 4ਸ਼ਫਟਯਾਹ ਦੀ ਸੰਤਾਨ, ਤਿੰਨ ਸੌ ਬਹੱਤਰ 5ਆਰਹ ਦੀ ਸੰਤਾਨ, ਸੱਤ ਸੌ ਪੰਜਹੱਤਰ 6ਫਹਥ - ਮੋਆਬ ਦੀ ਸੰਤਾਨ, ਯੇਸ਼ੂਆ ਯੋਆਬ ਦੇ ਪੁੱਤ੍ਰਾਂ ਵਿੱਚੋਂ, ਦੋ ਹਜ਼ਾਰ ਅੱਠ ਸੌ ਬਾਰਾਂ 7ਏਲਾਮ ਦੀ ਸੰਤਾਨ, ਇੱਕ ਹਜ਼ਾਰ ਦੋ ਸੌ ਚੁਰੰਜਾ 8ਜ਼ੱਤੂ ਦੀ ਸੰਤਾਨ, ਨੌਂ ਸੌ ਪੈਂਤਾਲੀ 9ਜ਼ੱਕਈ ਦੀ ਸੰਤਾਨ, ਸੱਤ ਸੌ ਸੱਠ 10ਬਾਨੀ ਦੀ ਸੰਤਾਨ, ਛੇ ਸੌ ਬਤਾਲੀ 11ਬੇਬਾਈ ਦੀ ਸੰਤਾਨ, ਛੇ ਸੌ ਤੇਈ 12ਅਜ਼ਗਾਦ ਦੀ ਸੰਤਾਨ, ਇੱਕ ਹਜ਼ਾਰ ਦੋ ਸੌ ਬਾਈ 13ਅਦੋਨੀਕਾਮ ਦੀ ਸੰਤਾਨ, ਛੇ ਸੌ ਛਿਆਹਟ 14ਬਿਗਵਾਈ ਦੀ ਸੰਤਾਨ, ਦੋ ਹਜ਼ਾਰ ਛਿਵੰਜਾ 15ਆਦੀਨ ਦੀ ਸੰਤਾਨ, ਚਾਰ ਸੌ ਚੁਰੰਜਾ 16ਆਟੇਰ ਦੀ ਸੰਤਾਨ, ਹਿਜ਼ਕੀਯਾਹ ਲਈ ਅਠਾਨਵੇਂ 17ਬੇਸਾਈ ਦੀ ਸੰਤਾਨ, ਤਿੰਨ ਸੌ ਤੇਈ 18ਯੋਰਾਹ ਦੀ ਸੰਤਾਨ, ਇੱਕ ਸੌ ਬਾਰਾਂ 19ਹਾਸ਼ੁਮ ਦੀ ਸੰਤਾਨ, ਦੋ ਸੌ ਤੇਈ 20ਗਿੱਬਾਰ ਦੀ ਸੰਤਾਨ, ਪਚਾਨਵੇਂ 21ਬੈਤਲਹਮ ਦੀ ਸੰਤਾਨ, ਇੱਕ ਸੌ ਤੇਈ 22ਨਟੋਫਾਹ ਦੇ ਮਨੁੱਖ, ਛਿਵੰਜਾ 23ਅਨਾਥੋਥ ਦੇ**

**ਮਨੁੱਖ, ਇੱਕ ਸੌ ਅਠਾਈ [24]ਅਜਮਾਵਥ ਦੀ ਸੰਤਾਨ, ਬਤਾਲੀ [25]ਕਿਰਯਥ-ਆਰੀਮ, ਕਫੀਰਾਹ ਤੇ ਬਏਰੋਥ ਦੀ ਸੰਤਾਨ, ਸੱਤ ਸੌ ਤਰਤਾਲੀ [26]ਰਾਮਾਹ ਤੇ ਗਾਬਾ ਦੀ ਸੰਤਾਨ, ਛੇ ਸੌ ਇੱਕੀ [27]ਮਿਕਮਾਸ ਦੇ ਮਨੁੱਖ, ਇੱਕ ਸੌ ਬਾਈ [28]ਬੈਥੇਲ ਤੇ ਆਈ ਦੇ ਮਨੁੱਖ, ਦੋ ਸੌ ਤੇਈ [29]ਨਬੋ ਦੀ ਸੰਤਾਨ, ਬਵੰਜਾ [30]ਮਗਬੀਸ਼ ਦੀ ਸੰਤਾਨ, ਇੱਕ ਸੌ ਛਿਵੰਜਾ [31]ਦੂਜੇ ਏਲਾਮ ਦੀ ਸੰਤਾਨ, ਇੱਕ ਹਜ਼ਾਰ ਦੋ ਸੌ ਚੁਰੰਜਾ [32]ਹਾਰੀਮ ਦੀ ਸੰਤਾਨ, ਤਿੰਨ ਸੌ ਵੀਹ [33]ਲੋਦ, ਹਦੀਦ ਤੋਂ ਓਨੋ ਦੀ ਸੰਤਾਨ, ਸੱਤ ਸੌ ਪੰਝੀ [34]ਯਰੇਹੋ ਦੀ ਸੰਤਾਨ, ਤਿੰਨ ਸੌ ਪੈਂਤਾਲੀ [35]ਸਨਾਆਹ ਦੀ ਸੰਤਾਨ, ਤਿੰਨ ਹਜ਼ਾਰ ਛੇ ਸੌ ਤੀਹ।**

**ਆਇਤ 2.** ਭਾਵੇਂ ਉੱਤਰੀ ਦਸ ਗੋਤਰਾਂ ਦੇ ਥੋੜ੍ਹੇ ਬਹੁਤ ਲੋਕਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੋ ਸਕਦਾ ਹੈ, ਪਰ ਵਾਪਸ ਆਉਣ ਵਾਲੇ ਲੋਕ ਮੁੱਖ ਤੌਰ ਤੇ ਦੋ ਗੋਤਰਾਂ ਦੇ ਸਨ। ਫਿਰ ਵੀ ਉਨ੍ਹਾਂ ਨੂੰ **ਇਸਰਾਏਲੀ** ਭਾਵ ਖ਼ੁਦਾ ਦੀ **ਪਰਜਾ** ਵਜੋਂ ਜਾਨਿਆ ਜਾਂਦਾ ਸੀ ਜਿਨ੍ਹਾਂ ਨਾਲ ਉਸ ਨੇ ਉਨ੍ਹਾਂ ਦੇ ਮਿਸਰ ਵਿੱਚੋਂ ਨਿੱਕਲਣ ਤੋਂ ਬਾਅਦ ਸੀਨੈ ਉੱਤੇ ਨੇਮ ਬੰਨ੍ਹਿਆ ਸੀ। ਆਇਤ 2 ਜ਼ਾਹਿਰ ਤੌਰ ਤੇ ਉਨ੍ਹਾਂ ਬਾਲਗ ਪੁਰਖਾਂ ਦੀ **ਗਿਣਤੀ** ਦੱਸਦੀ ਹੈ ਜਿਹੜੇ ਜ਼ਰੁੱਬਾਬਲ ਨਾਲ ਵਾਪਸ ਆਏ ਸਨ (2:2)। ਪਰ ਕਈਆਂ ਨੂੰ ਇਸ ਲਿਸਟ ਵਿਚਲੇ ਲੋਕ ਸਿਰਫ਼ ਜ਼ਰੁੱਬਾਬਲ ਦੇ ਨਾਲ ਵਾਪਸ ਆਉਣ ਵਾਲੇ ਹੀ ਨਹੀਂ ਲਗਦੇ ਬਲਕਿ ਦੂਸਰੇ ਲੋਕ ਲਗਦੇ ਹਨ ਜੋ ਬਾਅਦ ਵਿਚ ਸ਼ਾਇਦ ਅਜ਼ਰਾ ਦੇ ਸਮੇਂ ਵਾਪਸ ਆਏ ਸਨ।[5]

**ਆਇਤਾਂ 3-35.** ਲਿਸਟ ਵਿਚ ਮੰਨੇ ਗਏ ਪਹਿਲੇ ਸਮੂਹ ਵਿਚ ਉਹ ਲੋਕ ਹਨ ਜਿਨ੍ਹਾਂ ਨੂੰ ''ਆਮ ਲੋਕ'' ਕਿਹਾ ਜਾ ਸਕਦਾ ਹੈ। ਸ਼ਰ੍ਹਾ ਦੇ ਤਹਿਤ ਯਾਜਕਾਂ ਅਤੇ ''ਜਨ ਸਧਾਰਣ'' ਭਾਵ ਹੋਰ ਕਿਸੇ ਵਿਚ ਸਾਫ਼ ਫ਼ਰਕ ਸੀ।[6] ਇਹ ਮਹੱਤਵਪੂਰਣ ਹੋ ਸਕਦਾ ਹੈ ਕਿ ਲੇਖਕ ਨੇ ਯਾਜਕਾਂ ਦਾ ਨਾਂਅ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਨਾਂਅ ਦਿੱਤੇ ਜਿਹੜੇ ਯਾਜਕ ਨਹੀਂ ਸਨ। ਹੋ ਸਕਦਾ ਹੈ ਕਿ ਉਹ ਇਹ ਸੁਝਾਅ ਦੇ ਰਿਹਾ ਹੋਵੇ ਕਿ ਇਸਰਾਏਲ ਦੀ ਵੱਡੀ ਜਮਾਤ ਦੇ ਇਨ੍ਹਾਂ ਨੁਮਾਇੰਦਿਆਂ ਦੀ ਵਾਪਸੀ ਇਸ ਗੱਲ ਨਾਲੋਂ ਵੱਧ ਮਹੱਤਵਪੂਰਣ ਹੈ ਕਿ ਕੁਝ ਯਾਜਕ ਯਰੂਸ਼ਲਮ ਵਿਚ ਗਏ।

''ਜਨ ਸਾਧਾਰਣ'' ਦਾ ਨਾਂਅ ਜਾਂ ਤਾਂ ਪ੍ਰਸਿੱਧ ਪੂਰਵਜਾਂ ਦੇ ਨਾਂਅ ਦੇ ਅਨੁਸਾਰ[7] (ਜ਼ਾਹਿਰ ਤੌਰ ਤੇ ਆਇਤ 20 ਤਕ) ਜਾਂ ਉਨ੍ਹਾਂ ਥਾਵਾਂ ਦੇ ਨਾਵਾਂ ਅਨੁਸਾਰ ਦਿੱਤਾ ਗਿਆ ਜਿੱਥੇ ਉਨ੍ਹਾਂ ਦੇ ਪਰਿਵਾਰ ਰਹਿੰਦੇ ਹੁੰਦੇ ਸਨ (ਜੋ ਕਿ ਆਇਤਾਂ 21 ਤੋਂ 35 ਵਿਚ ਲਗਦਾ ਹੈ)। ਇਨ੍ਹਾਂ ਦੋਹਾਂ ਸ਼੍ਰੇਣੀਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਹੂਦੀ ਲੋਕ ਕੁਲਪੱਤਰੀਆਂ ਅਤੇ ਵੱਖੋ ਵੱਖ ਸ਼ਹਿਰਾਂ ਦੇ ਵਾਸੀਆਂ ਦਾ ਲੇਖਾ ਜੋਖਾ ਰੱਖਣ ਵਿਚ ਬੜੇ ਚੌਕਸ ਹਨ (ਭਾਵੇਂ ਪੱਕੇ ਤੌਰ ਤੇ ਨਹੀਂ)। (ਸ਼ਾਇਦ ਉਨ੍ਹਾਂ ਕੋਲ ਲੂਕਾ 2 ਵਿਚ ਦੱਸੀ ਗਈ ਮਰਦਮਸ਼ੁਮਾਰੀ ਨਾਲ ਤਿਆਰ ਹੋਈਆਂ ਮਰਦਮਸ਼ੁਮਾਰੀ ਦੀਆਂ ਲਿਸਟਾਂ ਸਨ।) ਇਸ ਤੋਂ ਇਲਾਵਾ ਜਦ ਉਨ੍ਹਾਂ ਨੂੰ ਬਾਬਲ ਵਿਚ ਭੇਜਿਆ ਗਿਆ ਤਦ ਉਹ ਇਨ੍ਹਾਂ ਦਸਤਾਵੇਜ਼ਾਂ ਨੂੰ ਨਾਲ ਲੈ ਗਏ ਹੋਣਗੇ। ਯਹੂਦੀ ਮੰਨੇ ਜਾਣ ਲਈ ਜ਼ਾਹਿਰ ਤੌਰ ਤੇ ਸਿਰਫ਼ ਇਹੀ ਸਾਬਤ ਕਰਨ ਦੀ ਲੋੜ ਹੁੰਦੀ ਸੀ ਕਿ ਉਹ ਕਿਸ ਯਹੂਦੀ ਖ਼ਾਨਦਾਨ ਵਿੱਚੋਂ ਸੀ ਜਾਂ ਜਲਾਵਤਨੀ ਤੋਂ ਪਹਿਲਾਂ ਕਿਸ ਯਹੂਦੀ ਸ਼ਹਿਰ ਵਿਚ ਰਹਿੰਦਾ ਸੀ। ਇਹ ਸ਼ਰਤ ਕਿ ਕੋਈ ਯਹੂਦਾ ਦੇ ਕਿਸੇ ਸ਼ਹਿਰ ਦੇ ਵਾਸੀ ਦੇ ਰੂਪ ਵਿਚ ਰਹਿੰਦਾ ਹੋਣ ਕਰਕੇ ਯੋਗ ਹੋ ਸਕਦਾ ਸੀ, ਉੱਥੇ ਰਹਿਣ ਵਾਲੇ ਪਰਦੇਸੀਆਂ ਜਾਂ ਯਹੂਦੀ ਧਰਮ ਨੂੰ ਕਬੂਲ ਕਰਨ ਵਾਲਿਆਂ ਨੂੰ ਵਾਪਸ ਆਉਣ ਨਾਲ ਯਹੂਦੀਆਂ ਵਿਚ ਗਿਣੇ ਜਾਣ ਦੀ ਇਜਾਜ਼ਤ ਮਿਲ ਜਾਣੀ ਸੀ।

## ਹੈਕਲ ਲਈ ਅਰਪੇ ਹੋਏ ਲੋਕ (2:36-58)

ਇਸ ਤੋਂ ਬਾਅਦ ਅੱਗੇ ਮੁਸਾਫ਼ਰਾਂ ਵਿਚ ਯਾਜਕਾਂ, ਲੇਵੀਆਂ ਅਤੇ ਹੈਕਲ ਦੇ ਸੇਵਾਦਾਰਾਂ ਦੇ ਨਾਂਅ ਦਿੱਤੇ ਗਏ।

ਯਾਜਕ (2: 36-39)

**[36]ਜਾਜਕ-ਯਦਅਯਾਹ ਦੀ ਸੰਤਾਨ, ਜੋ ਯੇਸ਼ੂਆ ਦੇ ਘਰਾਣੇ ਦੇ ਸਨ, ਨੌਂ ਸੌ ਤਿਹੱਤਰ [37]ਇੰਮੇਰ ਦੀ ਸੰਤਾਨ, ਇੱਕ ਹਜ਼ਾਰ ਬਵੰਜਾ [38]ਪਸ਼ਹੂਰ ਦੀ ਸੰਤਾਨ, ਇੱਕ ਹਜ਼ਾਰ ਦੋ ਸੌ ਸੈਂਤਾਲੀ [39]ਗਰੀਮ ਦੀ ਸੰਤਾਨ ਇੱਕ ਹਜ਼ਾਰ ਸਤਾਰਾਂ।**

**ਆਇਤਾਂ 36-39. ਜਾਜਕ** ਹੈਕਲ ਦੀ ਧਾਰਮਿਕ ਸੇਵਾ ਨਾਲ ਜੁੜੇ ਵਾਪਸ ਆਉਣ ਵਾਲਿਆਂ ਦੇ ਪਰਿਵਾਰਾਂ ਵਿੱਚੋਂ ਹਨ। ਇਹ ਲੋਕ ਇਸਰਾਏਲ ਦੇ ਧਰਮ ਦਾ ਲਾਜ਼ਮੀ ਹਿੱਸਾ ਸਨ। ਸ਼ਰ੍ਹਾ ਨੂੰ ਮੰਨਦੇ ਹੋਏ ਜਾਜਕ ਕੁਰਬਾਨੀਆਂ ਚੜ੍ਹਾਉਂਦੇ, ਹੈਕਲ ਦੀ ਬੰਦਗੀ ਦਾ ਧਿਆਨ ਰੱਖਦੇ ਅਤੇ ਲੋਕਾਂ ਦੀ ਤਰਫੋਂ ਖ਼ੁਦਾ ਅੱਗੇ ਸਿਫ਼ਾਰਸ਼ ਕਰਦੇ ਸਨ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ **ਯੇਸ਼ੂਆ** ਪ੍ਰਧਾਨ ਯਾਜਕ ਸੀ (2: 2 ਤੇ ਟਿੱਪਣੀਆਂ ਵੇਖੋ)।

ਲੇਵੀ (2: 40-42)

**[40]ਲੇਵੀ - ਯੇਸ਼ੂਆ ਤੇ ਕਦਮੀਏਲ ਦੀ ਸੰਤਾਨ ਜੋ ਹੋਦਵਯਾਹ ਦੀ ਸੰਤਾਨ ਦੇ ਸਨ, ਚੁਹੱਤਰ। [41]ਗਵੱਯੇ - ਆਸਾਫ ਦੀ ਸੰਤਾਨ, ਇੱਕ ਸੌ ਅੱਠਾਈ [42]ਦਰਬਾਨਾਂ ਦੀ ਸੰਤਾਨ, ਸ਼ੱਲੂਮ ਦੀ ਸੰਤਾਨ, ਅਟੇਰ ਦੀ ਸੰਤਾਨ, ਟਲਮੋਨ ਦੀ ਸੰਤਾਨ, ਅਕੂਬ ਦੀ ਸੰਤਾਨ, ਹਟੀਟਾ ਦੀ ਸੰਤਾਨ, ਸੋਬਈ ਦੀ ਸੰਤਾਨ, ਸਾਰੇ ਇੱਕ ਸੌ ਉਣਤਾਲੀ।**

**ਆਇਤਾਂ 40-42.** ਸ਼ਰ੍ਹਾ ਦੇ ਮੁਤਾਬਕ **ਲੇਵੀ** ਹੈਕਲ ਦੇ ਯਾਜਕਾਂ ਦੀ ਸਹਾਇਤਾ ਲਈ ਸਨ। ਦਿਲਚਸਪ ਗੱਲ ਹੈ ਕਿ ਇਸ ਵਕਤ ਲੇਵੀਆਂ ਦੀ ਗਿਣਤੀ ਯਾਜਕਾਂ ਨਾਲੋਂ ਕਿਤੇ ਘੱਟ ਸੀ, ਜਦ ਕਿ ਸ਼ਰ੍ਹਾ ਇਹ ਕਹਿੰਦੀ ਹੋਈ ਲਗਦੀ ਹੈ ਕਿ ਇਕ ਯਾਜਕ ਦੇ ਪਿੱਛੇ ਦਸ ਲੇਵੀ ਹੋਣੇ ਚਾਹੀਦੇ ਸਨ।[8] ਤਕਰੀਬਨ ਅੱਸੀ ਸਾਲਾਂ ਬਾਅਦ, ਜਦ ਅਜ਼ਰਾ ਆਇਆ ਤਾਂ ਉਹਨੂੰ ਵੀ ਲੇਵੀਆਂ ਦੀ ਘਾਟ ਲੱਗੀ ਅਤੇ ਉਸ ਨੇ ਹਾਲਾਤ ਨੂੰ ਸੁਧਾਰਨਾ ਚਾਹਿਆ (8: 15–20)। **ਗਵੱਈਏ** ਅਤੇ **ਦਰਬਾਨ** ਵੀ ਲੇਵੀ ਸਨ।

ਹੈਕਲ ਦੇ ਸੇਵਾਦਾਰ (2: 43-58)

**[43]ਨਥੀਨੀਮ - ਸੀਹਾ ਦੀ ਸੰਤਾਨ, ਹਸੂਫਾ ਦੀ ਸੰਤਾਨ, ਟੱਬਓਥ ਦੀ ਸੰਤਾਨ, [44]ਕੇਰੋਸ ਦੀ ਸੰਤਾਨ, ਸੀਅਹਾ ਦੀ ਸੰਤਾਨ, ਪਾਦੋਨ ਦੀ ਸੰਤਾਨ, [45]ਲਬਾਨਾਹ ਦੀ ਸੰਤਾਨ, ਹਗਾਬਾਹ ਦੀ ਸੰਤਾਨ, ਅੱਕੂਬ ਦੀ ਸੰਤਾਨ, [46]ਹਾਗਾਬ ਦੀ ਸੰਤਾਨ, ਸ਼ਮਲਈ ਦੀ ਸੰਤਾਨ, ਹਾਨਾਨ ਦੀ ਸੰਤਾਨ, [47]ਗਿੱਦੇਲ ਦੀ ਸੰਤਾਨ, ਗਹਰ ਦੀ ਸੰਤਾਨ, ਰਆਯਾਹ ਦੀ ਸੰਤਾਨ, [48]ਰਸੀਨ ਦੀ ਸੰਤਾਨ, ਨਕੋਦਾ ਦੀ ਸੰਤਾਨ, ਗਜ਼ਾਮ ਦੀ ਸੰਤਾਨ, [49]ਉੱਜ਼ਾ ਦੀ ਸੰਤਾਨ, ਪਾਸੇਅਹ ਦੀ ਸੰਤਾਨ, ਬੇਸਾਈ ਦੀ ਸੰਤਾਨ, [50]ਅਸਨਾਹ ਦੀ ਸੰਤਾਨ, ਮਊਨੀਮ ਦੀ ਸੰਤਾਨ, ਨਫੂਸੀਮ ਦੀ ਸੰਤਾਨ, [51]ਬਕਬੂਕ ਦੀ ਸੰਤਾਨ, ਹਕੂਫਾ ਦੀ ਸੰਤਾਨ, ਹਰਹੂਰ ਦੀ ਸੰਤਾਨ, [52]ਬਸਲੂਥ ਦੀ ਸੰਤਾਨ, ਮਹੀਦਾ ਦੀ ਸੰਤਾਨ, ਹਰਸ਼ਾ ਦੀ ਸੰਤਾਨ, [53]ਬਰਕੋਸ਼ ਦੀ ਸੰਤਾਨ, ਸੀਸਰਾ ਦੀ ਸੰਤਾਨ, ਥਾਮਹ ਦੀ ਸੰਤਾਨ, [54]ਨਸੀਹ ਦੀ ਸੰਤਾਨ, ਹਟੀਫਾ ਦੀ ਸੰਤਾਨ। [55]ਸੁਲੇਮਾਨ ਦੇ ਟਹਿਲੂਆਂ ਦੀ ਸੰਤਾਨ, -ਸੋਟਈ ਦੀ ਸੰਤਾਨ, ਸੋਫਰਥ ਦੀ ਸੰਤਾਨ, ਪਰੂਦਾ ਦੀ ਸੰਤਾਨ, [56]ਯਅਲਾਹ ਦੀ ਸੰਤਾਨ, ਦਰਕੋਨ ਦੀ ਸੰਤਾਨ, ਗਿੱਦੇਲ ਦੀ ਸੰਤਾਨ, [57]ਸ਼ਫਟਯਾਹ ਦੀ ਸੰਤਾਨ, ਹੱਟੀਲ ਦੀ ਸੰਤਾਨ, ਪੋਕਰਥ-ਹੱਸੱਬਤਇਮ ਦੀ ਸੰਤਾਨ, ਆਮੀ ਦੀ ਸੰਤਾਨ, [58]ਸਾਰੇ ਨਥੀਨੀਮ ਤੇ ਸੁਲੇਮਾਨ ਦੇ ਟਹਿਲੂਆਂ**

**ਦੀ ਸੰਤਾਨ ਤਿੰਨ ਸੌ ਬਾਨਵੇਂ ਸਨ।**

**ਆਇਤਾਂ 43-54.** ਇਬਰਾਨੀ ਸ਼ਬਦ *n$^e$thinim* (**ਨਥੀਨੀਮ**), ਦਾ ਅਨੁਵਾਦ ਹੈਕਲ ਦੇ ਸੇਵਾਦਾਰ ਹੈ ਜਿਸ ਦਾ ਅਰਥ ''ਮਣਸੇ ਜਾਂ ਅਰਪੇ'' (ਵੇਖੋ 7:24) ਵਰਗਾ ਕੁਝ ਹੈ। ਉਹ ਹੈਕਲ ਦੀਆਂ ਸੇਵਾਵਾਂ ਨੂੰ ਅੰਜਾਮ ਦੇਣ ਲਈ ਲੋੜੀਂਦੀ ਮਜ਼ਦੂਰੀ ਵਿਚ ਮਦਦ ਲਈ ਲੇਵੀਆਂ ਨੂੰ ''ਦਿੱਤੇ ਗਏ'' ਸਨ। ਇਸਰਾਏਲ ਦੇ ਯਾਜਕਾਂ ਵੱਲੋਂ ਗੁਲਾਮਾਂ ਦੀ ਵਰਤੋਂ ਪੁਰਾਣੇ ਨੇਮ ਵਿਚ *ਨਥੀਨੀਮ* ਸ਼ਬਦ ਦੇ ਪਹਿਲਾਂ ਮਿਲਣ ਦੀ ਗੱਲ ਦੱਸਦੀ ਹੈ ਜਿੱਥੇ ਇਹ ਸਿਰਫ਼ ਅਜ਼ਰਾ, ਨਹਮਯਾਹ, ਅਤੇ 1 ਇਤਹਾਸ ਵਿਚ ਹੀ ਮਿਲਦਾ ਹੈ। ਇਹ ਰੀਤ ਮੂਸਾ ਅਤੇ ਯਹੋਸ਼ੁਆ ਦੇ ਸਮੇਂ ਹੀ ਸ਼ੁਰੂ ਹੋਈ ਸੀ (ਗਿਣਤੀ 31:30, 47; ਯਹੋਸ਼ੁਆ 9:26, 27)। ਇਸ ਸੰਦਰਭ ਵਿਚ ਨਥੀਨੀਮ ਜਾਂ ਹੈਕਲ ਦੇ ਸੇਵਾਦਾਰ ਜ਼ਾਹਿਰ ਤੌਰ ਤੇ ਦਾਊਦ ਅਤੇ ਉਸ ਦੇ ਅਧਿਕਾਰੀਆਂ ਵੱਲੋਂ ਲੇਵੀਆਂ ਨੂੰ ਦਿੱਤੇ ਗੁਲਾਮਾਂ ਦੀ ਸੰਤਾਨ ਸਨ (8:20)। ਇਹ ਲੋਕ ਖ਼ਾਸ ਤੌਰ ਤੇ ਬਾਹਰੀ ਸਨ ਜਿਹੜੇ ਇਸਰਾਏਲੀਆਂ ਨਾਲ ਘੁਲ–ਮਿਲ ਗਏ ਸਨ, ਜਿਵੇਂ ਕਿ ਇਸ ਲਿਸਟ ਵਿਚ ਉਨ੍ਹਾਂ ਦੇ ਨਾਂਅ ਦਿੱਤੇ ਜਾਣ ਤੋਂ ਸੰਕੇਤ ਮਿਲਦਾ ਹੈ।[9]

**ਆਇਤਾਂ 55-57.** ਹੈਕਲ ਨਾਲ ਜੁੜੇ ਲੋਕਾਂ ਦੀ ਲਿਸਟ ਵਿਚ ਸਭ ਤੋਂ ਅਖ਼ੀਰ ਵਿਚ **ਸੁਲੇਮਾਨ ਦੇ ਟਹਿਲੂਆਂ ਦੀ ਸੰਤਾਨ** ਦਾ ਜ਼ਿਕਰ ਆਉਂਦਾ ਹੈ। ਇਹ ਲੋਕ ''ਛੋਟੀ ਮੋਟੀ ਸੇਵਾ ਲਈ ਹੈਕਲ ਦੇ ਅਧਿਕਾਰੀਆਂ ਦੇ ਸਪੁਰਦ ਕੀਤੇ ਗਏ ਕਨਾਨੀ ਬੰਦੀ [1 ਰਾਜਿਆਂ 9:20, 21] ਜਾਂ ਸਰਕਾਰੀ ਗੁਲਾਮ ਸਨ ਜਿਨ੍ਹਾਂ ਨੂੰ ਰਾਜ ਦੇ ਬਦਲ ਤੋਂ ਬਾਅਦ *ਨਥੀਨੀਮ* ਦੇ ਨਾਲ ਮਿਲਾ ਦਿੱਤਾ ਗਿਆ ਸੀ।''[10]

**ਆਇਤ 58.** ਇਹ ਭਾਗ ਇਹ ਦੱਸਦੇ ਹੋਏ ਕਿ **ਸਾਰੇ ਨਥੀਨੀਮ ਤੇ ਸੁਲੇਮਾਨ ਦੇ ਟਹਿਲੂਆਂ ਦੀ ਸੰਤਾਨ** ਦੀ ਕੁਲ ਗਿਣਤੀ **ਤਿੰਨ ਸੌ ਬਾਨਵੇਂ** ਸੀ ਖ਼ਤਮ ਹੁੰਦਾ ਹੈ।

## ਬਿਨਾਂ ਪਰਿਚੈ ਪੱਤਰ ਵਾਲੇ ਲੋਕ (2:59-63)

**59ਅਤੇ ਏਹ ਓਹ ਹਨ ਜਿਹੜੇ ਤੇਲ-ਮੇਲਹ, ਤੇਲ - ਹਰਸਾ, ਕਰੂਬ, ਅੱਦਾਨ, ਇੰਮੇਰ ਤੋਂ ਉਤਾਹਾਂ ਗਏ ਪਰ ਓਹ ਆਪਣੇ ਪਿੱਤ੍ਰਾਂ ਦੇ ਘਰਾਣੇ ਤੇ ਆਪਣੀ ਨਸਲ ਨੂੰ ਨਾ ਦੱਸ ਸੱਕੇ ਭਈ ਓਹ ਇਸਰਾਏਲ ਦੇ ਸਨ ਕਿ ਨਹੀਂ 60ਦਲਾਯਾਹ ਦੀ ਸੰਤਾਨ, ਟੋਬੀਯਾਹ ਦੀ ਸੰਤਾਨ, ਨਕੋਦਾ ਦੀ ਸੰਤਾਨ, ਛੇ ਸੌ ਬਵੰਜਾ 61ਅਤੇ ਜਾਜਕਾਂ ਦੀ ਸੰਤਾਨ ਤੋਂ - ਹਬੱਯਾਹ ਦੀ ਸੰਤਾਨ, ਹਕੋਸ ਦੀ ਸੰਤਾਨ, ਬਰਜ਼ਿੱਲਈ ਦੀ ਸੰਤਾਨ ਜਿਸ ਨੇ ਗਿਲਆਦੀ ਬਰਜ਼ਿੱਲਈ ਦੀਆਂ ਧੀਆਂ ਵਿੱਚੋਂ ਇੱਕ ਵਹੁਟੀ ਲਈ ਅਤੇ ਉਨ੍ਹਾਂ ਦੇ ਨਾਉਂ ਉੱਤੇ ਸੱਦਿਆ ਗਿਆ 62ਏਨ੍ਹਾਂ ਨੇ ਆਪਣੀਆਂ ਲਿਖਤਾਂ ਨੂੰ ਵੰਸਾਓਲੀਆਂ ਵਾਲਿਆਂ ਵਿੱਚੋਂ ਭਾਲਿਆ ਪਰ ਜਦ ਓਹ ਨਾ ਮਿਲੀਆਂ ਤਦ ਓਹ ਅਸ਼ੁੱਧ ਠਹਿਰ ਕੇ ਜਾਜਕਾਈ ਵਿੱਚੋਂ ਕੱਢੇ ਗਏ 63ਅਤੇ ਪਰਧਾਨ ਨੇ ਆਖਿਆ ਕਿ ਜਦ ਤਕ ਕੋਈ ਜਾਜਕ ਊਰੀਮ ਤੇ ਥੁੰਮੀਮ ਨਾਲ ਖੜਾ ਨਾ ਹੋ ਜਾਵੇ ਤਦ ਤਕ ਓਹ ਅੱਤ ਪਵਿੱਤ੍ਰ ਵਸਤੂਆਂ ਵਿੱਚੋਂ ਕੁਝ ਖਾਣਾ ਨਾ ਪਾਉਣ।**

ਵਾਪਸ ਆਉਣ ਵਾਲਿਆਂ ਦੇ ਆਖ਼ਰੀ ਵਰਗ ਵਿਚ ਉਹ ਲੋਕ ਸਨ ਜਿਹੜੇ ਇਹ ਸਾਬਤ ਨਹੀਂ ਕਰ ਸਕੇ ਸਨ ਕਿ ਉਹ ਸਚਮੁਚ ਇਸਰਾਏਲੀ ਹਨ ਜਾਂ ਨਹੀਂ।

**ਆਇਤਾਂ 59, 60.** ਲਿਸਟ ਦੇ ਇਸ ਭਾਗ ਵਿਚ ਉਨ੍ਹਾਂ ਪਰਿਵਾਰਾਂ ਦੇ ਨਾਂਅ ਹਨ ਜਿਨ੍ਹਾਂ ਦਾ ਇਹ ਤਸਦੀਕ ਕਰਨ ਲਈ ਕਿ ਉਹ ਇਸਰਾਏਲੀਆਂ ਪੁਰਖਿਆਂ ਦੀ **ਸੰਤਾਨ ਹਨ**, ਕੋਈ ਰਿਕਾਰਡ ਨਹੀਂ ਸੀ। ਉਨ੍ਹਾਂ ਨੂੰ ਬਾਬਲ ਦੇ ਕਈ ਸ਼ਹਿਰਾਂ (**ਤੇਲ-ਮੇਲਹ, ਤੇਲ-ਹਰਸਾ, ਕਰੂਬ, ਅੱਦਾਨ, ਇੰਮੇਰ**), ਤੋਂ ਯਰੂਸ਼ਲਮ ਨੂੰ ਆਉਣ ਵਾਲੇ ਦੱਸਿਆ ਗਿਆ ਹੈ, ਜਿਸ ਦਾ ਮਤਲਬ ਇਹ ਹੈ ਕਿ ਜਲਾਵਤਨੀ ਵਿਚ ਉਹ ਯਹੂਦੀਆਂ ਦੀ ਮੁੱਖ ਜਮਾਤ ਨਾਲੋਂ ਅੱਡ ਰਹਿੰਦੇ ਸਨ। ਇਸ ਸੰਭਾਵਨਾ ਦਾ ਮਕਸਦ ਇਹ

ਹੋ ਸਕਦਾ ਹੈ ਕਿ ਉਨ੍ਹਾਂ ਦੇ ਰਿਕਾਰਡ ਨਾ ਮਿਲਣ ਦਾ ਕਾਰਣ ਇਹੀ ਹੋ ਸਕਦਾ ਹੈ। ਇਕ ਹੋਰ ਸੁਝਾਅ ਇਹ ਦਿੱਤਾ ਗਿਆ ਹੈ ਕਿ ਉਹ ਯਹੂਦੀ ਮੁਰੀਦਾਂ ਜਾਂ ਧਰਮ ਅਪਣਾਉਣ ਵਾਲਿਆਂ ਦੀ ਸੰਤਾਨ ਸਨ ਅਤੇ ਇਸ ਕਰਕੇ ਇਹ ਸਾਬਤ ਕਰਨ ਲਈ ਕਿ ਉਹ **ਇਸਰਾਏਲ ਦੇ** ਸਨ ਉਨ੍ਹਾਂ ਕੋਲ ਕੋਈ ਦਸਤਾਵੇਜ਼ ਨਹੀਂ ਸਨ। ਉਨ੍ਹਾਂ ਬਾਰੇ ਬਹੁਤਾ ਕੁਝ ਨਹੀਂ ਕਿਹਾ ਗਿਆ ਹੈ, ਇਸ ਕਰਕੇ ਹੋ ਸਕਦਾ ਹੈ ਕਿ ਉਨ੍ਹਾਂ **ਛੇ ਸੌ ਬਵੰਜਾ** ਜਣਿਆਂ ਨੂੰ ਖ਼ੁਦਾ ਦੇ ਲੋਕਾਂ ਵਿਚ ਮੰਨ ਲਿਆ ਗਿਆ ਹੋਵੇ।

**ਆਇਤਾਂ 61-63.** ਇਕ ਮੁਸ਼ਕਿਲ ਉਦੋਂ ਵੀ ਖੜੀ ਹੋਈ ਜਦੋਂ **ਜਾਜਕਾਂ ਦੀ ਸੰਤਾਨ** ਵਿੱਚੋਂ ਕਈਆਂ ਕੋਲੋਂ ਇਹ ਸਾਬਤ ਨਾ ਹੋ ਸਕਿਆ ਕਿ ਉਹ ਹਾਰੂਨ ਦੀ ਸੰਤਾਨ ਵਿੱਚੋਂ ਸਨ। ਇਹ ਸਥਿਤੀ ਹੋਰ ਵੀ ਨਾਜ਼ੁਕ ਸੀ, ਕਿਉਂ ਜੋ ਇਸ ਵਿਚ ਉਨ੍ਹਾਂ ਵੱਲੋਂ ਕੁਰਬਾਨੀਆਂ ਚੜ੍ਹਾਏ ਜਾਣ ਦੀ ਕੋਸ਼ਿਸ਼ ਕਾਰਣ ਖ਼ੁਦਾ ਨੇ ਨਰਾਜ਼ ਹੋ ਜਾਣਾ ਸੀ। ਬਿਲਕੁਲ ਉਵੇਂ ਹੀ ਜਿਵੇਂ ਕੋਰਾਹ ਅਤੇ ਉਸ ਦੇ ਪੈਰੋਕਾਰਾਂ ਤੋਂ ਨਰਾਜ਼ ਹੋਇਆ ਸੀ ਜਦ ਉਨ੍ਹਾਂ ਨੇ ਉਜਾੜ ਵਿਚ ਯਾਜਕਾਈ ਹਥਿਆਉਣ ਦੀ ਕੋਸ਼ਿਸ਼ ਕੀਤੀ ਸੀ (ਗਿਣਤੀ 16:1–40)।

ਇਹ ਲੋਕ ਵਕਤੀ ਤੌਰ ਤੇ ਜਾਂ ਆਰਜ਼ੀ ਤੌਰ ਤੇ ਯਾਜਕਾਂ ਦੀਆਂ ਡਿਊਟੀਆਂ ਨਿਭਾਉਣ ਅਤੇ ਮਣਸੇ ਗਏ ਭੋਜਨ ਖਾਣ **ਵਿੱਚੋਂ ਕੱਢੇ ਗਏ** ਸਨ। ਇਹ ਫ਼ੈਸਲਾ **ਪ੍ਰਧਾਨ** ਵੱਲੋਂ ਲਿਆ ਗਿਆ ਸੀ ਜੋ ਸ਼ਾਇਦ ਜ਼ਰੁੱਬਾਬਲ ਸੀ, **ਜਦ ਤਕ ਕੋਈ ਜਾਜਕ ਊਰੀਮ ਤੇ ਥੁੰਮੀਮ ਨਾਲ ਖੜਾ ਨਾ ਹੁੰਦਾ**। ਊਰੀਮ ਤੇ ਥੁੰਮੀਮ ਖ਼ੁਦਾ ਦੀ ਇੱਛਾ ਨੂੰ ਯਕੀਨੀ ਬਣਾਉਣ ਲਈ ਪ੍ਰਧਾਨ ਯਾਜਕ ਵੱਲੋਂ ਵਰਤੇ ਜਾਣ ਵਾਲੇ ਛੋਟੇ–ਛੋਟੇ ਪੱਥਰ ਹੋਣਗੇ (ਵੇਖੋ ਕੂਚ 28:30; ਲੇਵੀਆਂ 8:8; ਗਿਣਤੀ 27:21; 1 ਸਮੂਏਲ 28:6)। ਯਹੂਦੀਆ ਦਾ ਪ੍ਰਧਾਨ ਯਾਜਕ (ਯੇਸ਼ੂਆ) ਹੈ ਸੀ, ਪਰ ਜ਼ਾਹਿਰ ਹੈ ਕਿ ਊਰੀਮ ਅਤੇ ਥੁੰਮੀਮ ਗੁਆਚ ਗਏ ਸਨ, ਜੋ ਯਰੂਸ਼ਲਮ ਦੀ ਬਰਬਾਦੀ ਅਤੇ ਯਹੂਦੀਆਂ ਦੇ ਬਾਬਲ ਵਿਚ ਘੱਲੇ ਜਾਣ ਵੇਲੇ ਗੁਆਚ ਗਏ ਹੋਣਗੇ। ਊਰੀਮ ਅਤੇ ਥੁੰਮੀਮ ਦੇ ਬਗ਼ੈਰ ਖ਼ੁਦਾ ਦੇ ਲੋਕਾਂ ਨੂੰ ਇਹ ਪੱਕਾ ਪਤਾ ਨਹੀਂ ਲਗ ਸਕਦਾ ਸੀ ਕਿ ਯਾਜਕ ਸਚਮੁਚ ਦੇ ਯਾਜਕ ਹਨ ਜਾਂ ਨਹੀਂ। ਇਸ ਕਰਕੇ ਊਰੀਮ ਅਤੇ ਥੁੰਮੀਮ ਦੇ ਮਿਲਣ ਤਕ, ਇਨ੍ਹਾਂ ਨੂੰ ਜਿਨ੍ਹਾਂ ਉੱਤੇ ਸ਼ੱਕ ਸੀ ਯਾਜਕਾਈ ਵਿੱਚੋਂ ਕੱਢ ਦਿੱਤਾ ਗਿਆ। ਵਚਨ ਵਿਚ ਇਹ ਕਿਤੇ ਨਹੀਂ ਦੱਸਿਆ ਗਿਆ ਕਿ ਜਿਨ੍ਹਾਂ ਦੇ ਨਾਂਅ ਦਿੱਤੇ ਗਏ ਹਨ ਉਨ੍ਹਾਂ ਨੂੰ ਯਾਜਕਾਂ ਦੇ ਰੂਪ ਵਿਚ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਗਈ ਜਾਂ ਨਹੀਂ।

## ਕੁੱਲ ਗਿਣਤੀ (2:64-67)

**64ਸਾਰੀ ਦੀ ਸਾਰੀ ਸਭਾ ਬੈਤਾਲੀ ਹਜ਼ਾਰ ਤਿੰਨ ਸੌ ਸੱਠ ਸੀ 65ਇਹ ਉਨ੍ਹਾਂ ਦੇ ਟਹਿਲੂਆਂ ਤੇ ਟਹਿਲਣਾਂ ਤੋਂ ਬਿਨਾ ਸੀ ਜਿਨ੍ਹਾਂ ਦੀ ਗਿਣਤੀ ਸੱਤ ਹਜ਼ਾਰ ਤਿੰਨ ਸੌ ਸੈਂਤੀ ਸੀ ਅਤੇ ਉਨ੍ਹਾਂ ਵਿੱਚ ਦੋ ਸੌ ਰਾਗੀ ਤੇ ਰਾਗਣਾਂ ਸਨ 66ਉਨ੍ਹਾਂ ਦੇ ਘੋੜੇ ਸੱਤ ਸੌ ਛੱਤੀ ਸਨ, ਉਨ੍ਹਾਂ ਦੀਆਂ ਖੱਚਰਾਂ ਦੋ ਸੌ ਪੈਂਤਾਲੀ 67ਉਨ੍ਹਾਂ ਦੇ ਊਠ ਚਾਰ ਸੌ ਪੈਂਤੀ, ਉਨ੍ਹਾਂ ਦੇ ਖੋਤੇ ਛੇ ਹਜ਼ਾਰ ਸੱਤ ਸੌ ਵੀਹ।**

ਇਹ ਲਿਸਟ ਨਾ ਸਿਰਫ਼ ਯਹੂਦਾ ਵੱਲ ਜਾਣ ਵਾਲਿਆਂ ਨਾਲ ਬਲਕਿ ਜੋ ਕੁਝ ਉਹ ਆਪਣੇ ਨਾਲ ਲੈ ਗਏ ਉਸ ਦੀ ਕੁੱਲ ਗਿਣਤੀ ਦੱਸਣ ਦੇ ਨਾਲ ਖ਼ਤਮ ਹੁੰਦੀ ਹੈ।

**ਆਇਤ 64.** ਜਾਣ ਵਾਲੇ ਲੋਕਾਂ ਦੀ ਕੁੱਲ ਗਿਣਤੀ **ਬਤਾਲੀ ਹਜ਼ਾਰ ਤਿੰਨ ਸੌ ਸੱਠ** ਦਿੱਤੀ ਗਈ ਹੈ। ਇਹ 2:2–63 ਵਿਚਲੇ ਜੋੜ ਨਾਲ ਮੇਲ ਨਹੀਂ ਖਾਂਦੀ ਜੋ ਕਿ 29,818 ਬਣਦਾ ਹੈ।[11] ਇਸ ਫ਼ਰਕ ਨੂੰ ਕਿਵੇਂ ਸੁਝਾਇਆ ਜਾ ਸਕਦਾ ਹੈ। ਇਹ ਸੁਝਾਅ ਦਿੱਤਾ ਗਿਆ ਹੈ ਕਿ 42,360 ਦੀ ਗਿਣਤੀ ਵਿਚ ਔਰਤਾਂ/ਜਾਂ ਬੱਚੇ ਵੀ ਸ਼ਾਮਿਲ ਸਨ। ਹੋ ਸਕਦਾ ਹੈ ਪਰ ਲਗਦਾ ਨਹੀਂ। ਇਕ ਵਿਚਾਰ

ਇਹ ਹੈ ਕਿ ਇਹ ਫ਼ਰਕ ਗਿਣਤੀ ਦੀ ਨਕਲ ਕਰਨ ਵਿਚ ਲਿਖਾਰੀਆਂ ਦੀਆਂ ਗਲਤੀਆਂ ਕਰਕੇ ਸੀ।[12] ਇਕ ਹੋਰ ਸੰਭਾਵਨਾ ਹੈ ਜੋ ਕਿ ਬਹੁਤ ਸਹੀ ਹੋ ਚੁਕੀ ਹੈ, ਉਹ ਇਹ ਹੈ ਕਿ ਲਿਸਟ ''ਸਿਰਫ਼ ਆਂਸ਼ਕ'' ਹੋਣੀ ਸੀ।[13]

**ਆਇਤਾਂ 65-67.** ਕਿਸੇ ਪਿੱਛਲ ਲਿਖਤ ਵਾਂਗ, ਲੇਖਕ ਨੇ ਇਹ ਜ਼ੋਰ ਦਿੱਤਾ ਕਿ ਇਹ ਯਹੂਦੀ ਲੋਕ ਆਪਣੇ ਨਾਲ 7,000 ਤੋਂ ਵੱਧ **ਟਹਿਲੂਆਂ ਤੇ ਟਹਿਲਣਾਂ** (ਗੁਲਾਮਾਂ ਨੂੰ) ਲੈ ਗਏ। ਇਸ ਤੋਂ ਬਾਅਦ **ਰਾਗੀ ਤੇ ਰਾਗਣਾਂ** ਦੀ ਗਿਣਤੀ **ਦੋ ਸੌ** ਦੱਸੀ ਗਈ। ਭਲਾ ਇਹ ਦੁਨਿਆਵੀ ਮਨੋਰੰਜਨ ਕਰਨ ਵਾਲੇ ਸਨ ਜਾਂ ਇਹ ਹੈਕਲ ਵਿਚ ਗਾਉਣ ਵਾਲਿਆਂ ਵਿੱਚੋਂ ਸਨ? ''ਰਾਗੀਆਂ'' ਦੀ ਗੱਲ ਬਾਅਦ ਵਿਚ ''ਦਰਬਾਨਾਂ'' ਅਤੇ ''ਨਥੀਨੀਮਾਂ (ਹੈਕਲ ਦੇ ਸੇਵਾਦਾਰਾਂ)'' ਦੇ ਸਬੰਧ ਵਿਚ ਮਿਲਦੀ ਹੈ (2:70), ਇਸ ਕਰਕੇ ਬਾਅਦ ਵਾਲੀ ਸੰਭਾਵਨਾ ਵਧੇਰੇ ਤਰਕਸੰਗਤ ਹੈ। ਪਿੱਛਲ ਲਿਖਤ **ਘੋੜੇ**, **ਖੱਚਰਾਂ**, **ਊਠ** ਅਤੇ **ਖੋਤੇ** ਜਿਹੜੇ ਉਹ ਨਾਲ ਲੈ ਗਏ ਸਨ ਦੀ ਲਿਸਟ ਨਾਲ ਖ਼ਤਮ ਹੁਦੀ ਹੈ।

## ਪਹੁੰਚਣਾ ਅਤੇ ਹੈਕਲ ਲਈ ਦਾਨ (2:68-70)

**68ਜਦ ਪਿੱਤ੍ਰਾਂ ਦੇ ਘਰਾਣਿਆਂ ਦੇ ਮੁਖੀਏ ਯਰੂਸ਼ਲਮ ਵਿੱਚ ਯਹੋਵਾਹ ਦੇ ਭਵਨ ਵਿੱਚ ਆਏ ਤਦ ਕਈਆਂ ਨੇ ਯਹੋਵਾਹ ਦੇ ਭਵਨ ਲਈ ਖੁਸ਼ੀ ਨਾਲ ਦਾਨ ਦਿੱਤੇ ਤਾਂ ਜੋ ਉਹ ਆਪਣੇ ਥਾਂ ਤੇ ਖੜਾ ਕੀਤਾ ਜਾਵੇ 69ਉਨ੍ਹਾਂ ਨੇ ਆਪਣੀ ਵਿੱਤ ਅਨੁਸਾਰ ਉਸ ਕੰਮ ਦੇ ਖਜ਼ਾਨੇ ਵਿੱਚ ਇਕਾਹਟ ਹਜ਼ਾਰ ਸੋਨੇ ਦੇ ਦਾਰਕ ਤੇ ਪੰਜ ਹਜ਼ਾਰ ਮਨਹ ਚਾਂਦੀ ਤੇ ਇੱਕ ਸੌ ਜਾਜਕਾਂ ਦੇ ਚੋਗੇ ਦੇ ਦਿੱਤੇ। 70ਸੋ ਜਾਜਕ ਤੇ ਲੇਵੀ ਤੇ ਪਰਜਾ ਵਿੱਚੋਂ ਕੁਝ ਤੇ ਗਵੱਯੇ ਤੇ ਦਰਬਾਨ ਤੇ ਨਥੀਨੀਮ ਆਪਣੇ ਸ਼ਹਿਰਾਂ ਵਿੱਚ ਅਤੇ ਸਾਰੇ ਇਸਰਾਏਲੀ ਆਪਣੇ ਸ਼ਹਿਰਾਂ ਵਿੱਚ ਵੱਸੇ।**

ਅਧਿਆਇ 2 ਦੇ ਆਖ਼ਰੀ ਸ਼ਬਦ ਯਹੂਦੀਆਂ ਦੇ ਯਰੂਸ਼ਲਮ ਵਿਚ ਪਹੁੰਚਣ, ਉਨ੍ਹਾਂ ਵੱਲੋਂ ਹੈਕਲ ਦੀ ਮੁੜ ਉਸਾਰੀ ਲਈ ਦਿੱਤੀਆਂ ਗਈਆਂ ਭੇਟਾਂ ਉਨ੍ਹਾਂ ਦੇ ਯਹੂਦਾਹ ਵਿਚ ਵੱਸ ਜਾਣ ਬਾਰੇ ਦੱਸਣ ਨਾਲ ਖ਼ਤਮ ਹੁੰਦੇ ਸਨ।

**ਆਇਤਾਂ 68, 69.** ਵਾਪਸ ਆਉਣ ਵਾਲਿਆਂ ਲਈ ਕੀਤਾ ਜਾਣ ਵਾਲਾ ਸਭ ਤੋਂ ਪਹਿਲਾ ਕੰਮ **ਯਹੋਵਾਹ ਦੇ ਭਵਨ** ਨੂੰ **ਖੜਾ** ਕਰਨਾ ਸੀ। ਸਾਫ਼ ਹੈ ਕਿ ਜਲਾਵਤਨ ਹੋਏ ਸਾਰੇ ਲੋਕ ਗ਼ਰੀਬ ਨਹੀਂ ਸਨ ਕਿਉਂ ਜੋ, ਜੋ ਉਨ੍ਹਾਂ ਵੱਲੋਂ ਦਿੱਤੇ **ਇਕਾਹਟ ਹਜ਼ਾਰ ਸੋਨੇ ਦੇ ਦਾਰਕ** [ਦ੍ਰਾਖਮਾ; NRSV] **ਤੇ ਪੰਜ ਹਜ਼ਾਰ ਮਨਹ ਚਾਂਦੀ** ਦੇ ਤੋਹਫ਼ੇ ਕਾਫ਼ੀ ਵੱਡੇ ਮੁੱਲ ਦੇ ਸਨ। **ਉਨ੍ਹਾਂ ਨੇ ਆਪਣੀ ਵਿੱਤ ਅਨੁਸਾਰ** ਖੁੱਲ੍ਹਦਿਲੀ ਨਾਲ ਦਿੱਤਾ।

**ਆਇਤ 70.** ਅਧਿਆਇ ਇਹ ਆਖਦਿਆਂ ਖ਼ਤਮ ਹੁੰਦਾ ਹੈ ਕਿ ਵਾਪਸ ਆਉਣ ਵਾਲੇ **ਜਾਜਕ ਤੇ ਲੇਵੀ ਤੇ ਪਰਜਾ ਵਿੱਚੋਂ ਕੁਝ, ਗਵੱਯੇ ਤੇ ਦਰਬਾਨ ਤੇ ਨਥੀਨੀਮ ਅਤੇ ਸਾਰੇ ਇਸਰਾਏਲੀ ਆਪਣੇ ਸ਼ਹਿਰਾਂ ਵਿੱਚ** ਵੱਸ ਗਏ। ਦੂਜੇ ਸ਼ਬਦਾਂ ਵਿਚ ਉਹ ਉਨ੍ਹਾਂ ਹੀ ਸ਼ਹਿਰਾਂ ਵਿਚ ਗਏ ਜਿਨ੍ਹਾਂ ਵਿੱਚੋਂ ਨਬੂਕਦਨੱਸਰ ਉਨ੍ਹਾਂ ਨੂੰ ਬਾਬਲ ਵਿਚ ਲੈ ਗਿਆ ਸੀ।

ਨਬੂਵਤ ਦੇ ਇਸ ਵੱਡੇ ਪੱਧਰ ਤੇ ਪੂਰਾ ਹੋਣ ਵਿਚ ਇਨ੍ਹਾਂ ਯਹੂਦੀਆਂ ਨੂੰ ਜਿਨ੍ਹਾਂ ਨੇ ਬੁੱਤਪ੍ਰਸਤੀ ਦੀ ਕੀਮਤ ਦਾ ਮੁਸ਼ਕਿਲ ਸਬਕ ਸਿੱਖ ਲਿਆ ਸੀ, ਉਨ੍ਹਾਂ ਦੇ ਜਲਾਵਤਨ ਹੋਣ ਵਾਲੇ ਦੇਸ਼ ਨੂੰ ਛੱਡ ਕੇ ਯਰੂਸ਼ਲਮ ਵੱਲ ਜਾਣ ਦੀ ਇਜਾਜ਼ਤ ਮਿਲ ਗਈ। ਉੱਥੇ ਉਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਅਤੇ ਖ਼ੁਦਾ ਦੀ ਹੈਕਲ ਨੂੰ ਫੇਰ ਤੋਂ ਬਣਾਉਣਾ ਸੀ ਅਤੇ ਇਕ ਵਾਰ ਫੇਰ ਉਨ੍ਹਾਂ ਨੇ ਉਸ ਦੇ ਲੋਕ ਹੋਣ ਲਈ ਆਪਣੇ ਆਪ ਨੂੰ ਅਰਪਤ ਕਰ ਦੇਣਾ ਸੀ।

# ਪ੍ਰਾਸੰਗਿਕਤਾ

**''ਘਰ ਜਾਣਾ''** (ਅਧਿਆਇ 2)

ਇਕ ਪੁਰਾਣੇ ਆਤਮਿਕ ਗੀਤ ਦੇ ਜਿਹੜਾ ਕਈ ਵਾਰ ਗਾਇਕ ਮੰਡਲੀਆਂ ਵੱਲੋਂ ਗਾਇਆ ਜਾਂਦਾ ਹੈ, ਬੋਲ ਕੁਝ ਇਸ ਤਰ੍ਹਾਂ ਹਨ:

ਘਰ ਨੂੰ ਜਾ ਰਿਹਾ ਹਾਂ, ਘਰ ਨੂੰ, ਹਾਂ ਮੈਂ ਘਰ ਨੂੰ ਜਾ ਰਿਹਾ ਹਾਂ;
ਬਿਲਕੁਲ ਉਵੇਂ ਜਿਵੇਂ ਖਾਮੋਸ਼ ਜਿਹਾ ਦਿਨ ਹੋਵੇ, ਮੈਂ ਤਾਂ ਬਸ ਘਰ ਜਾ ਰਿਹਾ ਹਾਂ।
ਬਹੁਤਾ ਦੂਰ ਨਹੀਂ ਹੈ, ਕੋਲ਼ ਈ ਐ,
ਇਸਦੇ ਦਰ ਖੁੱਲ੍ਹੇ ਹਨ;
ਸਾਰਾ ਕੰਮ ਮੁਕਾ ਲਿਆ, ਫ਼ਿਕਰ ਨੂੰ ਇਕ ਪਾਸੇ ਕਰ 'ਤਾ,
ਹੁਣ ਕਿਸੇ ਦਾ ਡਰ ਨਹੀਂ ...।

ਕੋਈ ਨੁਕਸਾਨ ਨਹੀਂ, ਫ਼ਾਇਦਾ ਹੀ ਫ਼ਾਇਦਾ,
ਕੋਈ ਦਿੱਕਤ ਨਹੀਂ ਕੋਈ ਤਕਲੀਫ਼ ਨਹੀਂ,
ਰਾਹ ਵਿਚ ਕੋਈ ਠੇਡਾ ਨਹੀਂ,
ਦਿਨ ਦੀ ਉਡੀਕ ਨਹੀਂ,
ਹੁਣ ਅਵਾਰਾਗਰਦੀ ਕੋਈ ਨਹੀਂ!
ਸੁਬ੍ਹਾ ਦਾ ਤਾਰਾ ਰਾਹ ਵਿਖਾਵੇ,
ਮੁੱਕ ਗਏ ਸਭ ਬੇਚੈਨ ਖ਼ਾਬ;
ਪਰਛਾਵੇਂ ਢਲ਼ ਗਏ, ਦਿਨ ਨਿੱਕਲ ਆਇਆ,
ਅਸਲ ਜ਼ਿੰਦਗੀ ਹੁਣ ਸ਼ੁਰੂ ਹੋਈ ਆ ...।[14]

ਇਹ ਸ਼ਬਦ ਸਾਨੂੰ ਹਿਲਾ ਦਿੰਦੇ ਹਨ, ਕਿਉਂ ਜੋ ''ਘਰ'' ਕਿਸੇ ਵੀ ਭਾਸ਼ਾ ਵਿਚ ਸਭ ਤੋਂ ਸਾਰਥਕ ਸ਼ਬਦਾਂ ਵਿੱਚੋਂ ਇਕ ਹੈ। ਸਾਡੇ ਵਿੱਚੋਂ ਤਕਰੀਬਨ ਹਰ ਕਿਸੇ ਲਈ ਕੋਈ ਨਾ ਕੋਈ ਅਜਿਹੀ ਥਾਂ ਹੁੰਦੀ ਹੈ ਜਿਸ ਨੂੰ ਅਸੀਂ ਘਰ ਆਖਦੇ ਹਾਂ। ਉਹ ਥਾਂ ਜਿੱਥੇ ਅਸੀਂ ਖ਼ਾਸ ਮੌਕਿਆਂ ਤੇ ਜਾਣਾ ਚਾਹੁੰਦੇ ਹਾਂ, ਉਹ ਥਾਂ ਜਿੱਥੇ ਸਾਡੇ ਦਿਲ ਨੂੰ ਸਕੂਨ ਮਿਲਦਾ ਹੈ ਭਾਵੇਂ ਸਾਡੀ ਦੁਨੀਆਂ ਵਿਚ ਕਿੰਨੀ ਵੀ ਉਥਲ ਪੁਥਲ ਕਿਉਂ ਨਾ ਹੋਵੇ। ਉਹ ਥਾਂ ਜਿੱਥੇ ਸਾਨੂੰ ਆਪਣਾਪਨ ਲਗਦਾ ਹੈ, ਇਸ ਕਰਕੇ ''ਘਰ ਜਾਣਾ'' ਅਜਿਹੀ ਗੱਲ ਹੈ ਜਿਸਦੀ ਸਾਡੇ ਮਨ 'ਚ ਕਸ਼ਿਸ਼ ਰਹੀ ਹੈ। ਸਾਨੂੰ ਸਾਰਿਆਂ ਨੂੰ ਘਰ ਜਾਣਾ ਚੰਗਾ ਲਗਦਾ ਹੈ।

ਅਜ਼ਰਾ 2 ਯਹੂਦੀਆਂ ਦੇ ਅਸੀਰੀ ਤੋਂ ਵਾਪਸ ਜਾਣ ਭਾਵ ਉਨ੍ਹਾਂ ਦੇ ''ਘਰ ਜਾਣ'' ਬਾਰੇ ਦੱਸਦਾ ਹੈ। ਪੜ੍ਹਨ ਲੱਗਿਆਂ ਅਸੀਂ ਇਸ ਨੂੰ ਉਨ੍ਹਾਂ ਦੀਆਂ ਹੋਰ ਵਾਪਸੀਆਂ, ਹੋਰ ''ਘਰ ਆਉਣ'' ਨਾਲ ਮਿਲਾ ਸਕਦੇ ਹਾਂ। ਨਾਲ–ਨਾਲ ਅਸੀਂ ਕੁਝ ਸਬਕ ਵੀ ਸਿੱਖ ਸਕਦੇ ਹਾਂ ਜਿਨ੍ਹਾਂ ਤੋਂ ਸਾਨੂੰ ਆਪਣੇ ਸੁਰਗੀ ਘਰ ਨੂੰ ਜਾਂਦਿਆਂ ਰਾਹ ਵਿਚ ਮਦਦ ਮਿਲੇ।

*ਉਨ੍ਹਾਂ ਦੀ ਵਾਪਸੀ।*

ਇਹ ਕਦੋਂ ਹੋਈ? ਬਾਬਲ ਦੀ ਅਸੀਰੀ ਤੋਂ ਯਹੂਦਾਹ ਦੀ ਵਾਪਸੀ 539 ਈ.ਪੂ. ਦੇ ਬਾਅਦ ਕਿਸੇ ਸਮੇਂ, ਸ਼ਾਇਦ 538 ਵਿਚ ਹੋਈ।[15] ਇਸ ਕਰਕੇ ਪਹਿਲੇ ਯਹੂਦੀਆਂ ਦੇ ਬਾਬਲ ਵਿਚ ਘੱਲੇ ਗਏ ਹੋਣ ਤੇ ਤਕਰੀਬਨ ਸੱਤਰ ਸਾਲ ਹੋ ਗਏ ਸਨ (ਵੇਖੋ ਯਿਰਮਿਯਾਹ 29:10; ਬਿਵਸਥਾ ਸਾਰ 1:1, 2)। ਉਹ ਕਈ ਸਾਲਾਂ ਤੋਂ ਆਪਣੇ ਘਰ ਤੋਂ ਦੂਰ ਸਨ!

ਵਾਪਸ ਲਿਆਉਣ ਵਿਚ ਅੱਗੇ ਕੌਣ ਲੱਗਾ? ਇੰਜ ਲਗਦਾ ਹੈ ਕਿ ਪਹਿਲੀ ਵਾਪਸੀ ਦਾ ਪ੍ਰਮੁੱਖ ਆਗੂ ਜ਼ਰੁੱਬਾਬਲ ਸੀ। ਆਇਤ 2 ਕਹਿੰਦੀ ਹੈ, ''ਜਿਹੜੇ ਜ਼ਰੁੱਬਾਬਲ ਨਾਲ ਆਏ ਏਹ ਸਨ–

ਯੇਸ਼ੂਆ, ਨਹਮਯਾਹ, ਸਰਾਯਾਹ, ਰਏਲਾਯਾਹ, ਮਾਰਦਕਈ, ਬਿਲਸ਼ਾਨ, ਮਿਸਪਾਰ, ਬਿਗਵਈ, ਰਹੂਮ, ਬਅਨਾਹ।'' ਜ਼ਰੁੱਬਾਬਲ ਦਾ ਨਾਂਅ ਸਭ ਤੋਂ ਉੱਪਰ ਹੈ, ਇਸ ਕਰਕੇ ਜ਼ਾਹਿਰ ਹੈ ਕਿ ਉਹੀ ਆਗੂ ਸੀ। ਜ਼ਰੁੱਬਾਬਲ ਨੂੰ ਅਜ਼ਰਾ 3:2; 4:2, 3; 5:2 ਦੇ ਨਾਲ ਨਾਲ ਹੱਜਈ 1:1, 12, 14; 2:2, 4, 21, 23, ਅਤੇ ਜ਼ਕਰਯਾਹ 4:6–10 ਵਿਚ ਯਹੂਦੀਆਂ ਦਾ ਆਗੂ (ਯਾਜਕ ਯੇਸ਼ੂਆ ਦੇ ਨਾਲ) ਦੱਸਿਆ ਗਿਆ ਹੈ। ਹੱਜਈ ਵਿਚ, ਜ਼ਰੁੱਬਾਬਲ ਨੂੰ ਯਹੂਦਾਹ ਦਾ ਹਾਕਮ ਦੱਸਿਆ ਗਿਆ ਹੈ (ਹੱਜਈ 1:1)।

ਵਾਪਸ ਕਿੰਨੇ ਆਏ? 2:64, 65 ਦੇ ਮੁਤਾਬਕ ਬਾਬਲ ਤੋਂ ਫ਼ਲਸਤੀਨ ਨੂੰ 40,000 ਤੋਂ ਵੱਧ ਯਹੂਦੀ ਪਰਤੇ। ਸੇਵਕਾਂ ਨੂੰ ਮਿਲਾ ਕੇ ਇਹ ਗਿਣਤੀ 50,000 ਦੇ ਕਰੀਬ ਪਹੁੰਚ ਗਈ ਹੋਵੇਗੀ।

ਇਸ ਵਿਚ ਕਿੰਨਾਂ ਸਮਾਂ ਲੱਗਾ? ਇਕ ਟੀਕਾਕਾਰ ਦਾ ਕਹਿਣਾ ਹੈ ਕਿ ਬਾਬਲ ਤੋਂ ਯਹੂਦਾਹ ਤਕ ਜਾਣ ਵਿਚ ਕਰੀਬ–ਕਰੀਬ ਚਾਰ ਕੁ ਮਹੀਨੇ ਲਗ ਗਏ।[16] ਬੇਸ਼ੱਕ ਇਹ ਸਫ਼ਰ ਔਖਾ ਰਿਹਾ ਹੋਵੇਗਾ। ਚਾਰ ਮਹੀਨੇ ਸੜਕ ਤੇ ਰਹਿਣਾ, ਚੱਲਦੇ ਹੀ ਰਹਿਣਾ, ਛਾਉਣੀ ਪਾ ਲੈਣਾ, ਰਾਤ ਕੱਟਣਾ, ਅਤੇ ਫੇਰ ਤੁਰ ਪੈਣਾ। ਸ਼ਾਇਦ ਉਨ੍ਹਾਂ ਨੂੰ ਇੱਕੋ ਗੱਲ ਜਿਹੜੀ ਤੋਰੀ ਰੱਖਦੀ ਸੀ ਉਹ ਇਹ ਖ਼ਿਆਲ ਸੀ ਕਿ ''ਅਸੀਂ ਘਰ ਜਾ ਰਹੇ ਹਾਂ!''

ਕੌਣ–ਕੌਣ ਵਾਪਸ ਆਇਆ? ਅਜ਼ਰਾ 2 ਨੂੰ ਮੁੱਖ ਤੌਰ ਤੇ ਉਨ੍ਹਾਂ ਨਾਵਾਂ ਨਾਲ ਜੋੜਿਆ ਜਾਂਦਾ ਹੈ ਜਿਹੜੇ ਵਾਪਸ ਆਏ ਸਨ। ਉਨ੍ਹਾਂ ਨਾਂਵਾਂ ਵਿਚ ਕੁਝ ਦਿਲਚਸਪ ਵੇਰਵੇ ਵੀ ਮਿਲ ਸਕਦੇ ਹਨ। ਨਾਂਅ ਵਰਗਾਂ ਅਤੇ ਗਿਣਤੀ ਦੇ ਮੁਤਾਬਕ ਦਿੱਤੇ ਗਏ ਹਨ: ਖਾਨਦਾਨਾਂ ਦੇ ਹਿਸਾਬ ਨਾਲ (ਜਿਵੇਂ 2:3, 4 ਵਿਚ: ''ਫਰੋਸ਼ ਦੀ ਸੰਤਾਨ, 2,172; ਸਪਤਿਯਾਹ ਦੀ ਸੰਤਾਨ, 372''), ਥਾਂਵਾਂ ਦੇ ਮੁਤਾਬਿਕ (ਜਿਵੇਂ 2:34: ''ਯੇਰੇਹੋ ਦੀ ਸੰਤਾਨ,'' 345), ਅਤੇ ਕਿੱਤਿਆਂ ਦੇ ਮੁਤਾਬਕ – ''ਜਾਜਕ'' (2:36), ''ਲੇਵੀ'' (2:40), ਅਤੇ ''ਨਥੀਨੀਮ (ਜਾਂ ਹੈਕਲ ਦੇ ਸੇਵਕ)'' (2:43)। ਇਸ ਤੋਂ ਇਲਾਵਾ ਕੁਝ ਲੋਕਾਂ ਦੇ ਨਾਂਅ ਮੇਲ ਖਾਂਦੀਆਂ ਕੁਲਪੱਤਰੀਆਂ ਵਿਚ ਨਹੀਂ ਮਿਲਦੇ ਸਨ (2:59–63)।

ਅਧਿਆਇ 2 ਦੇ ਸਬੰਧ ਵਿਚ ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਕੁਝ ਸਮਾਜਾਂ ਵਿਚ ਕੁਲਪੱਤਰੀਆਂ ਦੀ ਕਿੰਨੀ ਅਹਿਮੀਅਤ ਹੁੰਦੀ ਸੀ। ਓਸੇ ਨਜ਼ਰੀਏ ਤੋਂ ਇਹ ਲਗਦਾ ਹੈ ਕਿ ਵਾਪਸ ਆਉਣ ਵਾਲਿਆਂ ਨੇ ਬਾਬਲ ਵਿਚ ਰਹਿ ਜਾਣ ਵਾਲਿਆਂ ਨਾਲੋਂ ਵਧ ਕੇ ਆਪਣੇ ਪੁਰਖਿਆਂ ਨਾਲ ਕੀਤੇ ਗਏ ਵਾਅਦਿਆਂ ਉੱਤੇ ਵਿਸ਼ਵਾਸ ਜਤਾਇਆ। ਨਾਲੇ ਜਿਨ੍ਹਾਂ ਦੇ ਨਾਂਅ ਆਪਣੇ ਯਹੂਦੀ ਪੂਰਵਜਾਂ ਦੀ ਕੁਲਪੱਤਰੀ ਵਿਚ ਨਹੀਂ ਮਿਲ ਸਕੇ ਉਹ ਹੋਰ ਵੀ ਤਾਰੀਫ਼ ਦੇ ਯੋਗ ਸਨ। ਆਪਣੀ ਵਿਰਾਸਤ ਦਾ ਕੋਈ ਸਬੂਤ ਨਾ ਹੋਣਾ ਅਤੇ ਖ਼ੁਦਾ ਦੇ ਚੁਣੇ ਹੋਏ ਲੋਕਾਂ ਦੇ ਸਮਾਜ ਵਿਚ ਕਬੂਲੇ ਜਾਣ ਦੀ ਕੋਈ ਗਾਰੰਟੀ ਨਾ ਹੋਣਾ, ਪਰ ਫਿਰ ਵੀ ਉਨ੍ਹਾਂ ਨੂੰ ਯਹੂਦੀਆਂ ਨਾਲ ਕੀਤੇ ਗਏ ਵਾਅਦਿਆਂ ਵਿਚ ਵਿਸ਼ਵਾਸ ਸੀ ਅਤੇ ਉਨ੍ਹਾਂ ਦੇ ਪੂਰਾ ਹੋਣ ਤੇ ਉਹ ਉਨ੍ਹਾਂ ਵਿਚ ਆਪਣੇ ਆਪ ਨੂੰ ਵੇਖਣ ਦੇ ਚਾਹਵਾਨ ਸਨ।

ਉਹ ਵਾਪਸ ਕਿਉਂ ਗਏ? ਇਹ ਵਾਪਸੀ ਆਪਣੀ ਮਰਜ਼ੀ ਨਾਲ ਸੀ। ਬਹੁਤ ਸਾਰੇ ਯਹੂਦੀ ਬਾਬਲ ਵਿਚ ਰਹਿ ਗਏ ਸਨ ਅਤੇ ਸ਼ਾਇਦ ਉਨ੍ਹਾਂ ਦੇ ਰਹਿਣ ਦਾ ਕਾਰਣ ਵੀ ਸੀ। ਕਈ ਸਾਲਾਂ ਤਕ ਇੱਕੋ ਥਾਂ ਰਹਿਣ ਤੋਂ ਬਾਅਦ ਉਹੀ ਥਾਂ ਆਪਣੇ ''ਘਰ'' ਵਰਗੀ ਲੱਗਣ ਲਗ ਜਾਂਦੀ ਹੈ। ਇਹ ਖ਼ਾਸ ਤੌਰ ਤੇ ਉਦੋਂ ਹੁੰਦਾ ਹੈ ਜਦੋਂ ਕੋਈ ਆਪਣੇ ਨਵੇਂ ਘਰ ਵਿਚ ਤਰੱਕੀ ਕਰ ਲਵੇ, ਜਿਵੇਂ ਕਿ ਬਹੁਤ ਸਾਰੇ ਯਹੂਦੀਆਂ ਨੇ ਕਰ ਲਈ ਸੀ। ਉਸ ਦਾ ਇਕ ਸਬੂਤ ਇਹ ਤੱਥ ਹੈ ਕਿ ਉੱਥੇ ਰਹਿ ਜਾਣ ਵਾਲਿਆਂ ਨੇ ਵਾਪਸ ਜਾਣ ਵਾਲਿਆਂ ਨੂੰ ਮਦਦ ਕਰਦੇ ਹੋਏ ਤੋਹਫ਼ੇ ਦੇ ਕੇ ਤੋਰਿਆ (1:4, 6)। ਇਸ ਤੋਂ ਇਲਾਵਾ ਅਸੀਰੀ ਤੋਂ ਬਾਅਦ ਬਾਬਲ ਵਿਚ ਇਕ ਵੱਡਾ ਯਹੂਦੀ ਫ਼ਿਰਕਾ ਸੀ। ਯਹੂਦੀਆਂ ਦੇ ਬਾਬਲ ਵਿਚ ਫ਼ਿਰਕੇ ਦੀ ਅਹਿਮੀਅਤ ਦੀ ਤਸਦੀਕ ਬਾਬਲ ਦੇ ਟਾਲਮੁਡ ਤੋਂ ਹੁੰਦੀ ਹੈ ਜਿਹੜਾ ਉੱਥੇ ਯਹੂਦੀਆਂ ਦੇ ਲੇਖਾਂ ਦੇ ਦੋ ਸੰਗ੍ਰਿਹਾਂ ਵਿੱਚੋਂ ਇਕ ਸੀ ਜਿਸ ਤੋਂ ਸਦੀਆਂ ਤਕ ਯਹੂਦੀ ਵਿਚਾਰ ਦੀ ਝਲਕ ਮਿਲਦੀ

ਰਹੀ ਅਤੇ ਉਸ ਦਾ ਪ੍ਰਭਾਵ ਉਨ੍ਹਾਂ ਉੱਤੇ ਰਿਹਾ।

ਵਾਪਸ ਆਉਣ ਵਾਲੇ ਉੱਥੇ ਆਪਣੇ ਲਈ ਚੰਗੇ ਭਵਿੱਖ ਦੀ ਉਮੀਦ ਲੈ ਕੇ ਨਹੀਂ ਆਏ ਸਨ। ਉਹ ਸਭ ਗ਼ਰੀਬ ਲੋਕ ਨਹੀਂ ਸਨ ਜਿਹੜੇ ਚੰਗੇ ਭਵਿੱਖ ਦੀ ਤਲਾਸ਼ ਵਿਚ ਹੋਣ। ਅਸੀਂ ਜਾਣਦੇ ਹਾਂ ਕਿ ਉਨ੍ਹਾਂ ਵਿੱਚੋਂ ਕਈਆਂ ਦੇ ਤਾਂ ਨੌਕਰ ਚਾਕਰ ਜਾਂ ਗੁਲਾਮ ਵੀ ਸਨ (2:65)। ਨਾਲੇ ਉਹ ਹੈਕਲ ਦੀ ਉਸਾਰੀ ਲਈ ਖੁੱਲ੍ਹਦਿਲੀ ਨਾਲ ਦੇ ਪਾਏ ਸਨ। ਉਨ੍ਹਾਂ ਵਿੱਚੋਂ ਕੁਝ ਜੇ ਅਮੀਰ ਨਹੀਂ, ਤਾਂ ਘੱਟੋ–ਘੱਟ ਉਨ੍ਹਾਂ ਕੋਲ ਕਾਫ਼ੀ ਸਾਧਨ ਹੈ ਸਨ।

ਇਸ ਸਵਾਲ ਦਾ ਕਿ ਉਹ ''ਵਾਪਸ ਕਿਉਂ ਗਏ?'' ਜਵਾਬ ਦੇਣ ਤੋਂ ਪਹਿਲਾਂ ਸ਼ਾਇਦ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ''ਯਹੋਵਾਹ ਨੇ ਉਨ੍ਹਾਂ ਲਈ ਵਾਪਸ ਜਾਣਾ ਸੰਭਵ ਕਿਉਂ ਬਣਾਇਆ?'' ਫ਼ਲਸਤੀਨ ਦੇਸ਼ ਉਹ ਮੰਚ ਹੋਣਾ ਸੀ ਜਿਸ ਉੱਤੇ ਛੁਟਕਾਰੇ ਦੇ ਨਾਟਕ ਦਾ ਅਗਲਾ ਦ੍ਰਿਸ਼ ਵਿਖਾਇਆ ਜਾਣਾ ਸੀ।

ਖ਼ੁਦਾ ਵੱਲੋਂ ਅਬਰਾਹਾਮ ਨੂੰ ਸੱਦੇ ਜਾਣ ਦੇ ਸ਼ੁਰੂ ਤੋਂ ਲੈ ਕੇ ਇਹ ਦੇਸ਼ ਖ਼ੁਦਾ ਦੀ ਯੋਜਨਾ ਦਾ ਹਿੱਸਾ ਸੀ। ਇਸ ਦਾ ਵਾਅਦਾ ਅਬਰਾਹਾਮ ਨਾਲ (ਉਤਪਤ 15:18; 17:8; 24:7), ਇਸਹਾਕ ਨਾਲ (ਉਤਪਤ 26:3, 4), ਯਾਕੂਬ ਸੀ (ਉਤਪਤ 28:13; 35:12), ਅਤੇ ਅਖ਼ੀਰ ਵਿਚ ਇਸਰਾਏਲ ਕੌਮ ਨਾਲ ਕੀਤਾ ਗਿਆ (ਉਤਪਤ 50:24; ਕੂਚ 3:17; 6:8; 13:11)। ਖ਼ੁਦਾ ਨੇ ਇਸਰਾਏਲ ਨੂੰ ਦੇਸ਼ ਦੇਣ ਦਾ ਆਪਣਾ ਵਾਅਦਾ ਉਦੋਂ ਨਿਭਾਇਆ ਜਦੋਂ ਉਸ ਨੇ ਉਨ੍ਹਾਂ ਨੂੰ ਕਨਾਨ ਨੂੰ ਫ਼ਤਹਿ ਕਰਨ ਦੇ ਯੋਗ ਬਣਾਇਆ (ਯਹੋਸ਼ੁਆ 11:23; 21:43–45; ਵੇਖੋ ਬਿਵਸਥਾ ਸਾਰ 4:37, 38)। ਖ਼ੁਦਾ ਨੇ ਇਸਰਾਏਲੀਆਂ ਨੂੰ ਉਸ ਦੇਸ਼ ਵਿਚ ਜਿਹੜਾ ਉਸ ਨੇ ਉਨ੍ਹਾਂ ਨੂੰ ਦਿੱਤਾ ਸੀ ਆਪਣੀ ਸ਼ਰ੍ਹਾ ਨੂੰ ਮੰਨਣ ਦੀ ਹਦਾਇਤ ਵੀ ਕੀਤੀ (ਵੇਖੋ ਬਿਵਸਥਾ ਸਾਰ 5:31–33; 6:1–3)। ਉਸ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਹ ਸ਼ਰ੍ਹਾ ਨੂੰ ਮੰਨਣ ਵਿਚ ਨਾਕਾਮ ਰਹਿੰਦੇ ਹਨ ਤਾਂ ਉਹ ਉਨ੍ਹਾਂ ਨੂੰ ਉਸ ਧਰਤੀ ਵਿੱਚੋਂ ਕੱਢ ਦਵੇਗਾ (ਬਿਵਸਥਾ ਸਾਰ 4:25–27)। ਖ਼ੁਦਾ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਜਦ ਉਹ ਉਸ ਦੀ ਸ਼ਰ੍ਹਾ ਨੂੰ ਮੰਨਣ ਤੋਂ ਇਨਕਾਰ ਕਰ ਦੇਣਗੇ ਤਾਂ ਉਹ ਉਨ੍ਹਾਂ ਨੂੰ ਦੂਜੇ ਦੇਸ਼ਾਂ ਵਿਚ ਖਿੰਡਾ ਦੇਵੇਗਾ (ਬਿਵਸਥਾ ਸਾਰ 28:58, 64)। ਉਸ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਤੋਬਾ ਕਰਨ ਤੇ ਉਸ ਨੇ ਅਖ਼ੀਰ ਉਨ੍ਹਾਂ ਨੂੰ ਦੇਸ਼ ਵਿਚ ਵਾਪਸ ਲੈ ਆਉਣਾ ਸੀ (ਬਿਵਸਥਾ ਸਾਰ 30:1–3)। ਯਿਰਮਿਯਾਹ ਨੇ ਨਬੂਵਤ ਕੀਤੀ ਕਿ ਯਹੂਦਾਹ ਸੱਤਰ ਸਾਲਾਂ ਤਕ ਅਸੀਰੀ ਵਿਚ ਜਾਵੇਗਾ ਅਤੇ ਇਸ ਤੋਂ ਬਾਅਦ ਇਸਰਾਏਲੀ ਲੋਕ ਦੇਸ ਵਿਚ ਵਾਪਸ ਆ ਜਾਣਗੇ (ਯਿਰਮਿਯਾਹ 16:14, 15; 23:7, 8; 25:11, 12; 29:10)।

ਇਸ ਕਰਕੇ ਉਨ੍ਹਾਂ ਨਬੂਵਤਾਂ ਨੂੰ ਪੂਰਿਆਂ ਕਰਨ ਲਈ ਕਿ ਖ਼ੁਦਾ ਦੇ ਲੋਕਾਂ ਨੇ ਦੇਸ਼ ਵਿਚ ਵਾਪਸ ਆ ਜਾਣਾ ਸੀ ਯਹੂਦੀਆਂ ਦਾ ਪਰਤਣਾ ਜ਼ਰੂਰੀ ਸੀ। ਇਸ ਤੋਂ ਇਲਾਵਾ ਇਸ ਨਾਲ ਖ਼੍ਰਿਸਟੁਸ ਜਾਂ ਮਸੀਹਾ ਦੇ ਜਨਮ ਲਈ ਬੈਤਲਹਮ ਵਿਚ (ਮੱਤੀ 2:5, 6; ਵੇਖੋ ਮੀਕਾਹ 5:2) ਅਤੇ ਯਰੂਸ਼ਲਮ ਵਿਚ ਰਾਜ ਦੀ ਸਥਾਪਨਾ ਲਈ ਮੰਚ ਤਿਆਰ ਹੋ ਗਿਆ (ਕਰਤੱਬ 2:1–47; ਯਸਾਯਾਹ 2:2, 3)। ਇਹ ਉਸ ਵਾਅਦੇ ਦੇ ਪੂਰਾ ਹੋਣ ਵੱਲ ਇਕ ਹੋਰ ਕਦਮ ਸੀ ਕਿ ਸੰਸਾਰ ਨੇ ਅਬਰਾਹਾਮ ਦੀ ਸੰਤਾਨ ਤੋਂ ਪੈਦਾ ਹੋਣ ਵਾਲੇ ਦੇ ਰਾਹੀਂ ਬਰਕਤ ਪਾਉਣੀ ਸੀ।

ਅਜੇ ਵੀ ਇਹ ਸਵਾਲ ਰਹਿ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੇ ਵਾਪਸ ਆਉਣਾ ਕਿਉਂ ਚੁਣਿਆ? ਇਹ ਆਰਥਿਕ ਕਾਰਣਾਂ ਕਰਕੇ ਨਹੀਂ ਸੀ! ਬਲਕਿ ਜਿਹੜੇ ਵਾਪਸ ਆਏ ਸਨ ਮੁੱਖ ਤੌਰ ਤੇ ਉਨ੍ਹਾਂ ਦਾ ''ਘਰ ਜਾਣ'' ਦਾ ਵੱਡਾ ਕਾਰਣ ਧਾਰਮਿਕ ਸੀ। ਉਹ ਉਸ ਧਰਤੀ ਉੱਤੇ ਵਾਪਸ ਜਾਣਾ ਚਾਹੁੰਦੇ ਸਨ ਜਿਹੜੀ ਖ਼ੁਦਾ ਨੇ ਉਨ੍ਹਾਂ ਨੂੰ ਦਿੱਤੀ ਸੀ। ਉਨ੍ਹਾਂ ਦੀ ਵਾਪਸੀ ਨਾਲ ਖ਼ੁਦਾ ਵਿਚ ਵਿਸ਼ਵਾਸ ਅਤੇ ਉਸ ਦੇ ਵਾਅਦਿਆਂ ਅਤੇ ਉਸ ਦੀ ਯੋਜਨਾ ਵਿਚ ਵਿਸ਼ਵਾਸ ਦਾ ਪਤਾ ਲੱਗਾ।

ਬਹੁਤ ਸਾਰੇ ਬੰਦੀ ਅਸਲ ਵਿਚ ਯਹੂਦਾ ਵਿਚ ''ਵਾਪਿਸ'' ਨਹੀਂ ਜਾ ਰਹੇ ਸਨ, ਕਿਉਂ ਜੋ ਉਹ ਕਦੇ ਫ਼ਲਸਤੀਨ ਵਿਚ ਰਹੇ ਹੀ ਨਹੀਂ ਸਨ! ਉਹ ਬਾਬਲ ਵਿਚ ਹੀ ਜੰਮੇ ਅਤੇ ਵੱਡੇ ਹੋਏ ਸਨ। ਸਿਰਫ਼ ਪੁਰਾਣੀ ਪੀੜ੍ਹੀ ਹੀ ਯਹੂਦਾ ਵਿਚ ਰਹਿ ਸਕੀ ਹੋਵੇਗੀ, ਜਿਨ੍ਹਾਂ ਨੂੰ ਬਾਬਲ ਵਿਚ ਬੰਦੀ ਬਣਾ ਕੇ ਲਿਜਾਇਆ ਗਿਆ ਸੀ ਅਤੇ ਉਹ ਇਸ ਵਕਤ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਯਹੂਦਾ ਵਿਚ ਵਾਪਸ ਆ ਗਏ! ਵਾਪਸ ਆਉਣ ਵਾਲਿਆਂ ਵਿੱਚੋਂ ਜ਼ਿਆਦਾਤਰ ਉਸ ਦੇਸ਼ ਵੱਲ ਜਾਂਦਿਆਂ ਜਿਹੜਾ ਉਨ੍ਹਾਂ ਨੇ ਕਦੇ ਵੇਖਿਆ ਨਹੀਂ ਸੀ, ''ਵਿਸ਼ਵਾਸ ਨਾਲ'' ਘਰ ਜਾ ਰਹੇ ਸਨ। ਇਹਦੇ ਬਾਰੇ ਉਨ੍ਹਾਂ ਨੂੰ ਸਿਰਫ਼ ਓਨਾ ਹੀ ਪਤਾ ਸੀ ਜਿੰਨਾ ਉਨ੍ਹਾਂ ਨੂੰ ਦੱਸਿਆ ਗਿਆ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਖ਼ੁਦਾ ਦੇ ਵਾਅਦਿਆਂ ਕਰਕੇ ਯਹੂਦਾਹ ਹੀ ਉਹ ਥਾਂ ਸੀ ਜਿਹੜੀ ਉਨ੍ਹਾਂ ਦੀ ਸੀ।

*ਸਾਡੀ ਵਾਪਸੀ।*

ਇਹ ਸਫ਼ਰ ਸਾਨੂੰ ਕੀ ਯਾਦ ਦੁਆਉਂਦਾ ਹੈ? ਸਾਨੂੰ ਇਸਰਾਏਲੀਆਂ ਦੇ ਖ਼ੁਦਾ ਦੇ ਨਿਰਦੇਸ਼ ਤਹਿਤ ਮਿਸਰ ਵਿੱਚੋਂ ਨਿੱਕਲ ਕੇ ਉਸ ਦੇਸ਼ ਨੂੰ ਜਾਣ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਜਿਹੜਾ ਖ਼ੁਦਾ ਨੇ ਉਨ੍ਹਾਂ ਨੂੰ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦਾ ਸਫ਼ਰ ਕੁਝ ਮਹੀਨੇ ਜਾਂ ਸਾਲ ਨਾਲੋਂ ਵੱਧ ਦਾ ਨਹੀਂ ਸੀ, ਜੋ ਕਿ ਐਨਾ ਕੁ ਹੀ ਹੋਣਾ ਚਾਹੀਦਾ ਸੀ, ਪਰ ਉਨ੍ਹਾਂ ਨੂੰ ਚਾਲ਼ੀ ਸਾਲ ਲਗ ਗਏ। ਇਸ ਦੌਰਾਨ ਦੁਰਗਮ ਉਜਾੜ ਵਿਚ ਮੌਤ ਅਤੇ ਹੋਰ ਦਿੱਕਤਾਂ ਵੀ ਸਨ। ਪਰ ਜਦ ਉਹ ਕਨਾਨ ਵਿਚ ਅੱਪੜ ਗਏ, ਤਾਂ ਉਨ੍ਹਾਂ ਨੂੰ ਅਖ਼ੀਰ ਵਿਚ ''ਘਰ'' ਪਹੁੰਚਣ ਵਰਗਾ ਰੋਮਾਂਚ ਜਿਹਾ ਲੱਗਿਆ ਹੋਵੇਗਾ।

ਅਜ਼ਰਾ ਦੇ ਸਮੇਂ ਦੇ ਯਹੂਦੀਆਂ ਵਾਂਗ ਅਸੀਂ ਸਭ ਇਕ ਦਿਨ ''ਘਰ ਜਾਵਾਂਗੇ।'' ਜਿਵੇਂ ਉਨ੍ਹਾਂ ਵਿੱਚੋਂ ਬਹੁਤਿਆਂ ਵਾਂਗ, ਘਰ ਜਿੱਥੇ ਅਸੀਂ ਜਾ ਰਹੇ ਹਾਂ, ਅਜੇ ਅਸੀਂ ਵੇਖਿਆ ਨਹੀਂ ਹੈ। ਸਾਡਾ ਇਸ ਤੇ ਯਕੀਨ ਹੈ ਕਿਉਂ ਜੋ ਖ਼ੁਦਾ ਨੇ ਸਾਨੂੰ ਇਸ ਬਾਰੇ ਦੱਸਿਆ ਹੈ। ਸਾਨੂੰ ਉਸ ਮੰਜ਼ਿਲ ਤੇ ਪਹੁੰਚਣ ਲਈ ਕਿੰਨੀ ਕੁ ਕੋਸ਼ਿਸ਼ ਕਰਨੀ ਚਾਹੀਦੀ ਹੈ? ਯਹੂਦੀਆਂ ਵਾਂਗ ਘਰ ਪਹੁੰਚਣਾ ਸਾਡੇ ਲਈ ਵੱਡੀ ਖੁਸ਼ੀ ਦਾ ਕਾਰਣ ਹੋਣਾ ਚਾਹੀਦਾ ਹੈ! ਭਲਾ ''ਘਰ ਜਾਣ'' ਦੀ ਉਮੀਦ ਸਾਨੂੰ ਰੋਮਾਂਚ ਦੇਣ ਵਾਲੀ ਹੋਣੀ ਚਾਹੀਦੀ ਹੈ।

ਦੂਜਿਆਂ ਦੀ ਗੱਲ ਤਾਂ ਨਹੀਂ ਕਰ ਸਕਦਾ ਪਰ ਮੈਂ ਕਦੇ ਕਿਸੇ ਜਗ੍ਹਾ ਐਨੀ ਦੇਰ ਤਕ ਕਦੇ ਨਹੀਂ ਰਿਹਾ ਕਿ ਮੈਨੂੰ ਕਿਸੇ ਦੁਨਿਆਵੀ ਥਾਂ ਦੀ ਫ਼ਿਕਰ ਹੋਵੇ ਜਿਹਦੇ ਲਈ ਮੈਂ ਇਕ ਦਿਨ ''ਘਰ ਜਾਣਾ'' ਚਾਹੁੰਦਾ ਸਾਂ। ਜਿਵੇਂ ਭਜਨਾਂ ਵਿਚ ਕਈ ਵਾਰ ਕਿਹਾ ਜਾਂਦਾ ਹੈ, ਮੇਰਾ ਘਰ ''ਉਸ ਪਾਰ'' ਹੈ।

ਪਰ ਇਹ ਗੱਲ ਹਰ ਮਸੀਹੀ ਉੱਤੇ ਲਾਗੂ ਹੁੰਦੀ ਹੈ। ''ਸਾਡੀ ਨਾਗਰਿਕਤਾ'' ਭਾਵ ਸਾਡਾ ਵਤਨ ''ਸੁਰਗ'' ਹੈ (ਫ਼ਿਲਿੱਪੀਆਂ 3:20)। ਇੱਥੇ ਅਸੀਂ ''ਪਰਦੇਸੀ ਅਤੇ ਮੁਸਾਫ਼ਰ'' ਹਾਂ (1 ਪਤਰਸ 2:11); ਕਿਉਂ ਜੋ ਇਹ ਦੁਨੀਆਂ ਅਸਲ ਵਿਚ ਸਾਡਾ ਘਰ ਨਹੀਂ ਹੈ। ਸ਼ਾਇਦ ਸਾਨੂੰ ਆਪਣੇ ਆਪ ਨੂੰ ਇਹ ਯਾਦ ਕਰਵਾਉਣਾ ਚਹੀਦਾ ਹੈ। ਜਿੱਥੇ ਅਸੀਂ ਰਹਿੰਦੇ ਹਾਂ ਉਹ ਥਾਂ ਸਾਨੂੰ ਭਾਵੇਂ ਕਿੰਨੀ ਵੀ ਚੰਗੀ ਕਿਉਂ ਨਾ ਲਗਦੀ ਹੋਵੇ ਪਰ ਇਕ ਦਿਨ ਅਸੀਂ ਉਸ ਨਾਲੋਂ ਬੇਹਤਰ ਥਾਂ ਲਈ ''ਘਰ ਜਾ ਰਹੇ'' ਹੋਵਾਂਗੇ।

ਅਸੀਂ ਇਵੇਂ ਗਾਉਂਦੇ ਹਾਂ ਜਿਵੇਂ ਅਸੀਂ ''ਘਰ ਜਾਣ'' ਨੂੰ ਕਾਹਲ਼ੇ ਹੋਈਏ।[17] ਅਸੀਂ ਗੀਤ ਗਾਉਂਦੇ ਹਾਂ, ''ਅਸੀਂ ਤਾਂ ਸਿਰਫ਼ ਭਟਕੇ ਹੋਏ ਮੁਸਾਫ਼ਰ ਹਾਂ'' ਅਤੇ ''ਉਸ ਘਰ ਬਾਰੇ ਵਿਚਾਰ ਕਰੋ ਜਿਹੜਾ ਰੌਸ਼ਨੀ ਦੇ ਦਰਿਆ ਦੇ ਕੰਢੇ ਹੈ,'' ਕਹਿੰਦੇ ਹਨ ਕਿ ''ਨੀਲੇ ਅਸਮਾਨ ਦੇ ਬਾਅਦ, ਹਾਂ ਦੱਸਦੇ ਹਨ ਕਿ ਦੂਰ ਇਕ ਘਰ ਹੈ।''

ਭਲਾ ਸਾਡੀ ਜ਼ਿੰਦਗੀ ਅਜਿਹੀ ਹੈ ਜਿਸ ਤੋਂ ਲਗਦਾ ਹੋਵੇ ਕਿ ਸਾਨੂੰ ਘਰ ਜਾਣ ਦੀ ਤਾਂਘ ਹੈ? ''ਜੇ ਕੋਈ ਪੁੱਛੇ ਤੁਹਾਡਾ ਅਸਲੀ ਘਰ ਕਿੱਥੇ ਹੈ?'' ਤਾਂ ਸਾਡੇ ਵਿੱਚੋਂ ਬਹੁਤ ਲੋਕ ਸਹੀ ਜਵਾਬ ਦੇਣਗੇ। ਪਰ ਸਾਡੀ ਜ਼ਿੰਦਗੀ ਅਜਿਹੀ ਹੈ ਜਿਸ ਤੋਂ ਲਗਦਾ ਹੋਵੇ ਕਿ ਸਾਡਾ ਅਸਲੀ ਘਰ ਇਹ ਦੁਨੀਆਂ ਹੀ ਹੈ। ਅਸੀਂ ਆਪਣਾ ਬਹੁਤ ਸਾਰਾ ਸਮਾਂ, ਪੈਸਾ ਅਤੇ ਧਿਆਨ ਇਸ ਸੰਸਾਰ ਦੀਆਂ ਗੱਲਾਂ ਵਿਚ ਲਾ ਦਿੱਤਾ ਹੈ, ਉਨ੍ਹਾਂ ਗੱਲਾਂ ਵਿਚ ਜਿਹੜੇ ਇਕ ਗੀਤ ਦੇ ਬੋਲਾਂ ਦੇ ਮੁਤਾਬਕ, ''ਵਰਤੋਂ ਨਾਲ ਨਾਸ ਹੋ ਜਾਂਦੀਆਂ

ਹਨ।''[18] ਅਸੀਂ ਇਵੇਂ ਕੰਮ ਕਰਦੇ ਹਾਂ ਜਿਵੇਂ ਜੋ ਸਾਡੇ ਕੋਲ ਹੈ ਉਸ ਨੂੰ ਮੌਤ ਦੀ ਪਕੜ ਨਾਲ ਫੜੀ ਰੱਖੀਏ; ਅਤੇ ਫਿਰ ਇਵੇਂ ਕੰਮ ਕਰਦੇ ਹਾਂ ਜਿਵੇਂ ਆਪਣੀਆਂ ਦੁਨਿਆਵੀ ਖ਼ਾਹਿਸ਼ਾਂ ਨੂੰ ਪੂਰਿਆਂ ਕਰਨ ਲਈ ਉਨ੍ਹਾਂ ਨੂੰ ਹੋਰ ਕੱਸ ਕੇ ਫੜੀ ਰੱਖੀਏ। ਜਦ ਅਸੀਂ ਇਸ ਤਰ੍ਹਾਂ ਨਾਲ ਜ਼ਿੰਦਗੀ ਬਿਤਾਉਂਦੇ ਹਾਂ ਤਾਂ ਅਸੀਂ ਵਿਖਾ ਰਹੇ ਹੁੰਦੇ ਹਾਂ ਕਿ ਸਾਡੇ ਮਨ ਸੁਰਗ ਉੱਤੇ ਨਹੀਂ ਬਲਕਿ ਧਰਤੀ ਉੱਤੇ ਲੱਗੇ ਹਨ। ਯਿਸੂ ਨੇ ਆਖਿਆ, ''ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ'' (ਮੱਤੀ 6:21)।

ਸਾਨੂੰ ਕੀ ਕਰਨਾ ਚਾਹੀਦਾ ਹੈ? ਸਾਨੂੰ ਉਸ ਅਨਾਦੀ ਘਰ ਉੱਤੇ ਧਿਆਨ ਟਿਕਾਈ ਰੱਖਣਾ ਜ਼ਰੂਰੀ ਹੈ! ਉਹ ਕਿੰਨਾਂ ਸ਼ਾਨਦਾਰ ਘਰ ਹੈ ਜਿਹੜਾ ਸਾਡੀ ਉਡੀਕ ਕਰ ਰਿਹਾ ਹੈ! ਇਹ ਬਹੁਤ ਚੰਗਾ ਹੈ ਕਿਉਂਕਿ ਇਹ ਘਰ ਸੋਹਣਾ ਹੈ। ਆਓ ਪਰਕਾਸ਼ ਦੀ ਪੋਥੀ 21 ਵਿਚਲੀ ਤਸਵੀਰ ਉੱਤੇ ਵਿਚਾਰ ਕਰੀਏ। ਇਹ ਸ਼ਾਨਦਾਰ ਹੈ, ਉਸ ਕਰਕੇ, ਕਿਉਂ ਜੋ ਉੱਥੇ ਇਹ ਸਭ ਨਹੀਂ ਹੈ। ਸੁਰਗ ਵਿਚ ਨਾ ਮੌਤ, ਨਾ ਬਿਮਾਰੀ, ਨਾ ਉਦਾਸੀ ਅਤੇ ਨਾ ਜੁਦਾਈ ਹੀ ਹੋਵੇਗੀ। ਇਹ ਸ਼ਾਨਦਾਰ ਇਸ ਕਰਕੇ ਵੀ ਹੈ ਕਿਉਂ ਜੋ ਉੱਥੇ ਖ਼ੁਦਾ, ਯਿਸੂ ਮਸੀਹ, ਹਰ ਯੁੱਗ ਦੇ ਸਾਰੇ ਸੰਤ, ਉਨ੍ਹਾਂ ਸੰਤਾਂ ਸਣੇ ਹੋਣਗੇ ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ ਅਤੇ ਗੁਆ ਬੈਠੇ ਹਾਂ। ਅਖ਼ੀਰ ਇਹ ਸ਼ਾਨਦਾਰ ਹੈ ਕਿਉਂ ਜੋ ਇਹ ਸਦਾ ਸਦਾ ਤਕ ਬਿਨਾਂ ਖ਼ਤਮ ਹੋਏ ਰਹੇਗਾ!

*ਸਾਰ।* ਜਦ ਅਸੀਂ ਵਿਚਾਰ ਕਰਦੇ ਹਾਂ ਕਿ ਉਹ ਘਰ ਕਿਹੋ ਜਿਹਾ ਹੋਵੇਗਾ ਤਾਂ ਸਚਮੁਚ ਅਸੀਂ ਉੱਥੇ ਜਾਣ ਦੀ ਚਾਹ ਕਰਦੇ ਹਾਂ! ਜੇ ਅਸੀਂ ਯਿਸੂ ਦੇ ਨਾਲ ਰਹਿਣ ਲਈ ''ਘਰ ਜਾਣਾ'' ਹੈ ਤਾਂ ਸਾਨੂੰ ਆਪਣੀਆਂ ਤਰਜੀਹਾਂ ਵਿਚ ਸੁਧਾਰ ਕਰਕੇ ਖ਼ੁਦਾ ਦੇ ਰਾਜ ਨੂੰ ਪਹਿਲ ਦੇਣੀ ਜ਼ਰੂਰੀ ਹੈ (ਮੱਤੀ 6:33)। ਸੁਰਗ ਨੂੰ ਆਪਣਾ ਘਰ ਬਣਾਉਣ ਲਈ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਖ਼ੁਦਾ ਦੀ ਮਰਜ਼ੀ ਮੁਤਾਬਕ ਜ਼ਿੰਦਗੀ ਬਸਰ ਕਰੀਏ!

ਉਨ੍ਹਾਂ ਲਈ ਜਿਹੜੇ ਮਸੀਹੀ ਨਹੀਂ ਹਨ, ਖ਼ੁਦਾ ਦੀ ਮਰਜ਼ੀ ਨੂੰ ਪੂਰੀ ਕਰਨ ਵਿਚ ਯਿਸੂ ਵਿਚ ਵਿਸ਼ਵਾਸ ਕਰਨਾ (ਯੂਹੰਨਾ 8:24), ਪਾਪਾਂ ਤੋਂ ਤੋਬਾ ਕਰਨਾ (ਕਰਤੱਬ 17:30), ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨਾ (ਰੋਮੀਆਂ 10:9, 10), ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣਾ (ਕਰਤੱਬ 2:38) ਸ਼ਾਮਿਲ ਹੈ। ਜੇ ਕੋਈ ਮਸੀਹੀ ਹੈ ਪਰ ਉਹ ਖ਼ੁਦਾ ਤੋਂ ਫਿਰ ਗਿਆ ਹੈ, ਉਹਦੇ ਲਈ ਆਪਣੀ ਜ਼ਿੰਦਗੀ ਨੂੰ ਖ਼ੁਦਾ ਦੇ ਨਾਲ ਸਿੱਧਿਆਂ ਕਰਨ ਲਈ ਆਪਣੇ ਪਾਪਾਂ ਤੋਂ ਤੋਬਾ ਕਰਕੇ ਆਪਣੇ ਪਾਪਾਂ ਦੀ ਮਾਫ਼ੀ ਲਈ ਦੁਆ ਕਰਨਾ (ਕਰਤੱਬ 8:22), ਅਤੇ ਉਨ੍ਹਾਂ ਪਾਪਾਂ ਨੂੰ ਮੰਨ ਲੈਣਾ (1 ਯੂਹੰਨਾ 1:9) ਜ਼ਰੂਰੀ ਹੈ। ਜੇ ਅਸੀਂ ਖ਼ੁਦਾ ਦੇ ਵਫ਼ਾਦਾਰ ਹਾਂ ਤਾਂ ਅਸੀਂ ਪੱਕਾ ਜਾਣ ਸਕਦੇ ਹਾਂ ਕਿ ਅਸੀਂ ਹਮੇਸ਼ਾ ਦੀ ਖੁਸ਼ੀ ਲਈ ਘਰ ਜਾਵਾਂਗੇ! ਇਕ ਪੁਰਾਣਾ ਭਜਨ ਹੈ, ''ਘਰ ਆ ਰਿਹਾ ਹਾਂ, ਘਰ ਆ ਰਿਹਾ ... ਹੇ ਪ੍ਰਭੂ ਮੈਂ ਘਰ ਆ ਰਿਹਾ ਹਾਂ।''[19] ਕੀ ਅਸੀਂ ਆ ਰਹੇ ਹਾਂ?

### **''ਆਪਣੀ ਵਿੱਤ ਅਨੁਸਾਰ''** (2:69)

ਜਿਵੇਂ ਉਨ੍ਹਾਂ ਨੇ ਹੈਕਲ ਨੂੰ ਮੁੜ ਤੋਂ ਬਣਾਉਣ ਲਈ ''ਆਪਣੀ ਵਿੱਤ ਅਨੁਸਾਰ'' ਯੋਗਦਾਨ ਦੇਣ ਦਾ ਫ਼ੈਸਲਾ ਕੀਤਾ, ਉਵੇਂ ਹੀ ਅੱਜ ਹਰ ਮਸੀਹੀ ਲਈ ''ਆਪਣੀ ਵਿੱਤ ਅਨੁਸਾਰ'' ਦੇਣਾ ਜ਼ਰੂਰੀ ਹੈ ਬਲਕਿ ''ਆਪਣੇ ਵਿੱਤੋਂ ਬਾਹਰ'' ਦੇਣ ਲਈ ਉਨ੍ਹਾਂ ਦੀ ਤਾਰੀਫ਼ ਕੀਤੀ ਗਈ ਹੈ (2 ਕੁਰਿੰਥੀਆਂ 8:3)। ਸਾਨੂੰ ''ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ'' (2 ਕੁਰਿੰਥੀਆਂ 9:7; ਵੇਖੋ 1 ਕੁਰਿੰਥੀਆਂ 16:2) ਬਲਕਿ ਯੋਜਨਾ ਬਣਾ ਕੇ ਖੁਸ਼ੀ ਖੁਸ਼ੀ ਦੇਣ ਲਈ ਕਿਹਾ ਜਾਂਦਾ ਹੈ। ਜਦ ਅਸੀਂ ਉਵੇਂ ਦਿੰਦੇ ਹਾਂ ਜਿਵੇਂ ਸਾਨੂੰ ਦੇਣਾ ਚਾਹੀਦਾ ਹੈ, ਤਾਂ ਸਾਡੇ ਦਾਨ ਖੁੱਲ੍ਹਦਿਲੀ ਵਾਲੇ ਅਤੇ ਉਦਾਰ ਹੋਣਗੇ, ਬਿਲਕੁਲ ਉਵੇਂ ਹੀ ਜਿਵੇਂ ਜ਼ਰੁਬਾਬੱਲ ਦੇ ਨਾਲ ਯਰੂਸ਼ਲਮ ਵਿਚ ਪਹੁੰਚਣ ਵਾਲਿਆਂ ਦੇ ਦਾਨ ਸਨ।

ਟਿੱਪਣੀਆਂ

[1]YHD ਨਾਲ ਮੋਹਰ ਲੱਗੇ ''ਯੇਹੂਦ'' ਨਾਮ ਦਾ ਪਤਾ ਲਗਭਗ 538–331 ਈ.ਪੂ. ਦੇ ''ਸਿੱਕਿਆਂ ਅਤੇ ਮੋਹਰ ਦੀਆਂ ਛਾਪਾਂ ਤੋਂ ਲਗਦਾ ਹੈ।'' (ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 48)।[2]ਉੱਥੇ ਹੀ।[3]ਇਸੇ ਤਰ੍ਹਾਂ ਦੀ ਸੂਚੀ 1 ਏਸਡ੍ਰਾਸ 5:7–46 ਵਿਚ ਮਿਲਦੀ ਹੈ।[4]*ਇਵੈਂਜਲੀਕਲ ਕਮੈਂਟਰੀ ਆਨ ਦ ਬਾਈਬਲ*, ਸੰਪਾ. ਵਾਲਟਰ ਏ. ਐਲਵੇਲ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1989), 299 ਵਿਚ ਲੂਇਸ ਗੋਲਡਬਰਗ, ''ਅਜ਼ਰਾ।'' ਅਜ਼ਰਾ ਵਾਲੀ ਲਿਸਟ ਅਸਲੀ ਸੀ ਜਾਂ ਨਹਮਯਾਹ ਵਾਲੀ, ਜਾਂ ਦੋਵੇਂ ਹੀ ਕਿਸੇ ਇੱਕੋ ਸਰੋਤ ਤੋਂ ਨਕਲ ਕੀਤੀਆਂ ਗਈਆਂ ਸਨ, ਪੱਕਾ ਪਤਾ ਨਹੀਂ ਲਗ ਸਕਦਾ।[5]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ. 4, *1 ਰਾਜਿਆਂ–ਅੱਯੂਬ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 606–7 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।''[6]ਅੱਜ ਮਸੀਹੀ ਯੁੱਗ ਵਿਚ ਅਜਿਹਾ ਫ਼ਰਕ ਨਹੀਂ ਹੈ; ਅੱਜ ਹਰ ਮਸੀਹੀ ਯਾਜਕ ਹੈ (1 ਪਤਰਸ 2:5, 9)।[7]''ਦੀ ਸੰਤਾਨ'' ਅਭਿਵਿਅਕਤੀ ਦਾ ਅਰਥ ਇੱਥੇ ''ਦੀ ਅੰਸ'' (NIV) ਜਾਂ ''ਦਾ ਖ਼ਾਨਦਾਨ'' (CEV) ਵਰਗਾ ਕੁਝ ਹੈ।[8]ਲੇਵੀਆਂ ਨੂੰ ਇਸਰਾਏਲੀਆਂ ਤੋਂ ਦਸਵੰਧ ਮਿਲਦਾ ਸੀ ਅਤੇ ਉਹ ਯਾਜਕਾਂ ਦੇ ਖਰਚੇ ਲਈ ਦਸਵੰਧ ਦਿੰਦੇ ਸਨ (ਗਿਣਤੀ 18:21, 26)।[9]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ*, ਦ ਐਂਕਰ ਬਾਈਬਲ, ਅੰਕ. 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 19. [10]ਉੱਥੇ ਹੀ।

[11]2:64 ਵਾਲੀ ਲਿਸਟ ਦਾ ਜੋੜ ਨਹਮਯਾਹ 7:66 ਦੇ ਜੋੜ ਵਾਲਾ ਹੀ ਹੈ (42,360), ਪਰ ਉਸ ਅਧਿਆਇ ਵਿਚ ਲੋਕ ਅਜ਼ਰਾ ਦੀ ਗਿਣਤੀ ਨਾਲੋਂ ਫ਼ਰਕ ਹਨ।[12]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 43. [13]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 30. [14]http://en.wikisource.org/wiki/Goin%27_Home; ਇੰਟਰਨੇਟ ਤੇ 11 ਅਗਸਤ 2014 ਨੂੰ ਵੇਖਿਆ ਗਿਆ।[15]ਕੋਰਸ 539 ਈ.ਪੂ. ਵਿਚ ਰਾਜਾ ਬਣਿਆ।ਉਸ ਨੇ ਆਪਣੀ ਹਕੂਮਤ ਦੇ ਪਹਿਲੇ ਸਾਲ ਦੇ ਦੌਰਾਨ ਯਹੂਦੀਆਂ ਨੂੰ ਵਾਪਸ ਜਾਣ ਦੀ ਇਜਾਜ਼ਤ ਦੇਣ ਦਾ ਹੁਕਮ ਜਾਰੀ ਕੀਤਾ (2 ਇਤਹਾਸ 36:22, 23; ਅਜ਼ਰਾ 1:1–4); ਇਸ ਤਰ੍ਹਾਂ ਇਹ ਵਾਪਸੀ 538 ਈ.ਪੂ. ਦੇ ਨੇੜੇ ਤੇੜੇ ਹੋਣੀ ਚਾਹੀਦੀ ਹੈ।[16]ਯਾਮੋਚੀ, 604.[17]ਇੱਥੇ ਆਉਣ ਵਾਲੇ ਸ਼ਬਦ ਆਈ. ਐਨ. ਕਾਰਮਨ, ''ਹੇਅਰ ਵੀ ਆਰ ਬਟ ਸਟ੍ਰੇਇੰਗ ਪਿਲਗ੍ਰਿਮਸ''; ਡੀ. ਡਬਲਯੂ. ਸੀ. ਹੰਟਿੰਗਟਨ, ''ਓ ਥਿੰਗ ਆਫ਼ ਦ ਹੋਮ ਓਵਰ ਦੇਅਰ,'' ਅਤੇ ਜੇ. ਕੇ. ਅਲਵੁੱਡ, ''ਓ ਦੇਅ ਟੇਲ ਮੀ ਆਫ਼ ਅ ਹੋਮ'' *ਸੌਂਗਜ਼ ਆਫ਼ ਦ ਚਰਚ*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਰਜ਼, 1977)।[18]ਟਿਲਿਟ ਐੱਸ. ਟੇਡਲੀ, ''ਅਰਥ ਹੋਲਡਸ ਨੋ ਟ੍ਰਯਰਜ਼,'' *ਸੌਂਗਜ਼ ਆਫ਼ ਦ ਚਰਚ*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਰਜ਼, 1977)। [19]ਵਿਲੀਅਮ ਜੇ. ਕਰਕਪੈਟ੍ਰਿਕ, ''ਆਈ ਹੈਵ ਵੰਡਰਡ ਫ਼ਾਰ,'' *ਸੌਂਗਜ਼ ਆਫ਼ ਦ ਚਰਚ*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਰਜ਼, 1977)।